# ਅੰਮ੍ਰਿਤ ਕੀਰਤਨ

# Amrit Kirtan



ਜੂਨ 2008

ਆਨਰੇਰੀ ਸੰਪਾਦਕ
ਡਾ. ਜਾਗੀਰ ਸਿੰਘ

# ਸਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਪਵਿੱਤਰ ਮਰਿਯਾਦਾ

| | ਕੱਤਕ ਮੱਘਰ ਮੋਹ ਮਾਘ | ਫੱਗਣ ਅੱਸੂ | ਚੇਤ ਭਾਦੋਂ | ਵੈਸਾਖ, ਸਾਵਣ | ਜੇਠ ਹਾੜ |
|---|---|---|---|---|---|
| ਕਿਵਾੜ ਖੁਲ੍ਹਣ ਦੇ ਸਮੇਂ | 03-00 | 02-45 | 02-30 | 02-15 | 02-00 |
| ਆਸਾ ਦੀ ਵਾਰ ਦਾ ਕੀਰਤਨ ਆਰੰਭ | 04-00 | 03-45 | 03-30 | 03-15 | 03-00 |
| ਸ੍ਰੀ ਅਕਾਲ ਤਖਤ ਸਾਹਿਬ ਤੋਂ ਪਾਲਕੀ ਚੱਲਣ ਦੇ ਸਮੇਂ | 05-00 | 04-45 | 04-30 | 04-15 | 04-00 |
| ਪ੍ਰਕਾਸ਼ ਦੇ ਸਮੇਂ | 05-15 | 05-00 | 04-45 | 04-30 | 04-15 |
| ਪਹਿਲਾ ਹੁਕਮਨਾਮਾ | 05-30 | 05-15 | 05-00 | 04-45 | 04-30 |
| ਪਹਿਲੀ ਅਰਦਾਸ | 06-00 | 05-45 | 05-30 | 05-15 | 05-00 |
| ਆਸਾ ਦੀ ਵਾਰ ਦੀ ਸਮਾਪਤੀ | 07-00 | 06-45 | 06-30 | 06-15 | 06-00 |
| ਰਹਿਰਾਸ ਸਾਹਿਬ ਦਾ ਪਾਠ ਸੂਰਜ ਛਿਪਣ ਤੋਂ ਬਾਅਦ | --- | ---- | ---- | ---- | ---- |
| ਰਾਤ ਨੂੰ ਸਮਾਪਤੀ | 09-30 | 09-45 | 10-00 | 10-15 | 10-30 |
| ਸ੍ਰੀ ਹਰਿਮੰਦਰ ਸਾਹਿਬ ਤੋਂ ਪਾਲਕੀ ਸਾਹਿਬ ਚੱਲਣ ਸਮੇਂ | 09-45 | 10-00 | 10-15 | 10-30 | 10-45 |

1 ਸ੍ਰੀ ਹਰਿਮੰਦਰ ਸਾਹਿਬ ਜੀ ਦੇ ਕਿਵਾੜ ਖੁੱਲ੍ਹਣ ਦੇ ਸਮੇਂ ਤੋਂ ਸਮਾਪਤੀ ਦੇ ਸਮੇਂ ਤੱਕ ਅਖੰਡ ਕੀਰਤਨ ਹੁੰਦਾ ਹੈ

2 ਸੋਦਰ ਰਹਿਰਾਸ ਸਾਹਿਬ ਦਾ ਪਾਠ ਹਮੇਸ਼ਾ ਸੂਰਜ ਛਿਪਣ ਤੋਂ ਬਾਅਦ ਅਰੰਭ ਹੁੰਦਾ ਹੈ।

3 ਰਾਤ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਵਾਰੀ ਜਾਣ ਤੋਂ ਬਾਦ ਇਕ ਘੰਟਾ ਸੇਵਾ ਤੇ ਸਫਾਈ ਕਰਨ ਤੋਂ ਬਾਅਦ ਇਸ਼ਨਾਨ ਕਰਾਉਣ ਦੀ ਸੇਵਾ ਪ੍ਰੇਮੀ ਜਨ ਸੇਵਾਦਾਰਾਂ ਦੇ ਸਹਿਯੋਗ ਨਾਲ ਕਰਦੇ ਹਨ।

4 ਇਸ਼ਨਾਨ ਸਮੇਂ ਸਾਰੇ ਪ੍ਰੇਮੀ ਰਲ ਕੇ ਇਸ਼ਨਾਨ ਕਰਾਉਂਦੇ ਹਨ ਅਤੇ ਨਾਲ ਹੀ ਬੜੇ ਪ੍ਰੇਮ ਸਹਿਤ ਰਸਭਿੰਨੀ ਸੁਰ ਵਿਚ ਗੁਰਬਾਣੀ ਦੇ ਸ਼ਬਦ ਗਾਇਨ ਕਰਦੇ ਹਨ। ਇਸ ਤੋਂ ਉਪਰੰਤ ਵਿਛਾਈਆਂ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਿੰਘਾਸਨ ਸਜਾ ਕੇ ਅਰਦਾਸ ਹੁੰਦੀ ਹੈ ਅਤੇ ਕੜਾਹ ਪ੍ਰਸਾਦ ਦੀ ਦੇਗ ਵਰਤਦੀ ਹੈ। ਇਸ ਤੋਂ ਬਾਅਦ ਤਿੰਨ ਪਹਿਰ ਦੀ ਚੌਂਕੀ ਦਾ ਕੀਰਤਨ ਅਰੰਭ ਹੁੰਦਾ ਹੈ।

5 ਸ੍ਰੀ ਹਰਿਮੰਦਰ ਸਾਹਿਬ ਜੀ ਦੀ ਵਿਚਾਲੇ ਦੀ ਛੱਤ ਅਤੇ ਗੁੰਬਦ ਵਿਚ ਹਰ ਸਮੇਂ ਅਖੰਡ ਪਾਠਾਂ ਦੀ ਲੜੀ ਚੱਲਦੀ ਹੈ। ਜਿਨ੍ਹਾਂ ਦੀ ਵਾਰੀ ਨਾਲ ਹਰ ਰੋਜ਼ ਇਕ ਅਖੰਡ ਪਾਠ ਦਾ ਭੋਗ ਪੈਂਦਾ ਹੈ।

ਇਸ ਤੋਂ ਇਲਾਵਾ ਇਥੇ ਹੇਠ ਲਿਖੇ ਗੁਰਪੁਰਬਾਂ ਤੇ ਸਵੇਰੇ 10 ਤੋਂ 12 ਵਜੇ ਤੱਕ ਜਲੋ ਸਜਾਏ ਜਾਂਦੇ ਹਨ।

1) ਪ੍ਰਕਾਸ਼ ਉਤਸਵ ਸ੍ਰੀ ਗੁਰੂ ਨਾਨਕ ਦੇਵ ਜੀ 2) ਪ੍ਰਕਾਸ਼ ਉਤਸਵ ਸ੍ਰੀ ਗੁਰੂ ਰਾਮਦਾਸ ਜੀ 3) ਗੁਰ ਗੱਦੀ ਦਿਵਸ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ 4) ਪ੍ਰਕਾਸ਼ ਉਤਸਵ ਸ੍ਰੀ ਗੁਰੂ ਤੇਗ ਬਹਾਦਰ ਜੀ 5) ਪ੍ਰਕਾਸ਼ ਉਤਸਵ ਸ੍ਰੀ ਗੁਰੂ ਗੋਬਿੰਦ ਸਿੰਘ ਜੀ 6) ਪਹਿਲਾ ਪ੍ਰਕਾਸ਼ ਉਤਸਵ ਜੁਗੋ ਜੁਗ ਅਟਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ।

ਵੱਲੋਂ: ਹਰਮੋਹਨ ਜੀਤ ਸਿੰਘ ਮਾਰਫ਼ਤ, ਕੋਠੀ ਨੰ; 788, ਫੇਜ 4, ਮੋਹਾਲੀ, ਫੋਨ: 0172-2260659

**PAGE SPONSORED BY : AHUJA FAMILY**

C-353, Defence Colony New Delhi 110 024

# ਅੰਮ੍ਰਿਤ ਕੀਰਤਨ

ਸੰਗੀਤ ਅਤੇ ਕੀਰਤਨ ਸਬੰਧੀ ਤ੍ਰੈਭਾਸ਼ੀ ਮਾਸਿਕ ਪੱਤਰ

ਅੰਕ 6 ▯ ਸਾਲ ਵੀਹਵਾਂ ▯ ਜੂਨ 2008

ਸੰਪਾਦਕ (ਆਨਰੇਰੀ)
**ਡਾ. ਜਾਗੀਰ ਸਿੰਘ**
ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀ.ਐਚ.ਡੀ

ਸਹਿਯੋਗੀ
**ਸ. ਹਰਭਜਨ ਸਿੰਘ ▲ ਸ. ਉੱਤਮ ਸਿੰਘ**

- ▲ ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।
- ▲ 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: 4.8.90 ਮਿਤੀ 20.2.91 ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।
- ▲ Donations are eligible for relief u/s 80 G of Income-Tax Act, 1961 (43 of 1961)
- ▲ The Bank Draft/Cheque may please be drawn in favour of Amrit Kirtan Trust, payable at Chandigarh.

**ਚਿੱਠੀ ਪੱਤਰ ਅਤੇ ਰਚਨਾਵਾਂ ਭੇਜਣ ਲਈ ਪਤਾ**
ਸੰਪਾਦਕ, 'ਅੰਮ੍ਰਿਤ ਕੀਰਤਨ'
422, ਸੈਕਟਰ 15-ਏ, ਚੰਡੀਗੜ੍ਹ 160 015
ਫੋਨ : 0172-2772660, 098140 53630
e-mail: drjagirsingh@gmail.com

Computer Type Setting
sohal specials Phone: 98788 23351

ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ
**ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼**
ਐਸ.ਸੀ.ਐਫ. 107, ਫੇਜ਼-7, ਮੁਹਾਲੀ ਤੋਂ ਛਪਵਾ ਕੇ
422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ

## ਇਸ ਅੰਕ ਵਿਚ

**ਕਰਉ ਬੇਨੰਤੀਆ** 2
*ਸੰਪਾਦਕੀ*

**ਪੰਖੀ ਬਿਰਖਿ ਸੁਹਾਵੜਾ** 3
*ਕਰਤਾਰ ਸਿੰਘ ਨੀਲਧਾਰੀ*

**ਹਾਰਮੋਨੀਅਮ ਅਤੇ ਭਾਰਤੀ ਸੰਗੀਤ** 8
*ਅਮਰਿੰਦਰ ਸਿੰਘ*

**ਰਾਗੁ ਬਿਲਾਵਲ** 11
*ਪ੍ਰੋ: ਕਰਤਾਰ ਸਿੰਘ*

**थम गए हाथ, लेकिन सुनाई देती रहेगी थाप** 16
*डा. विवेक चौरसिया*

**सात की उम्र, छह बाणीयों में निपुण** 18
*गुरमीत लुथरा*

**BHAI SUMAND SINGH RAGI** 19
*Balwant Gargi*

**ਸੁਰ ਲਿਪੀ** 22
*ਹਰਦੀਪ ਕੌਰ*

**ਸੁਰ ਲਿਪੀ ਵਾਲੇ ਸ਼ਬਦ ਦੇ ਅਰਥ** 24

# ਉਸਤਤਿ

ਇੱਕ ਪੁਸਤਕ ਵਿੱਚ ਪੜ੍ਹਿਆ ਹੈ ਕਿ  ਬਦਾਂ ਵਿੱਚ ਬੜੀ ਤਾਕਤ ਹੁੰਦੀ ਹੈ। ਜਦੋਂ ਤੁਸੀਂ ਕਿਸੇ  ਬਦ ਦਾ ਉਚਾਰਨ ਕਰਦੇ ਹੋ ਤਾਂ ਉਸ ਸਬਦ ਨਾਲ ਜੁੜੇ ਭਾਵਾਂ ਦਾ ਸੰਚਾਰ ਤੁਹਾਡੇ ਮਨ ਵਿੱਚ ਹੁੰਦਾ ਹੈ ਫਿਰ ਉਸ ਨਾਲ ਤੁਹਾਡੇ ਸਰੀਰ ਤੇ ਵੀ ਅਸਰ ਪੈਂਦਾ ਹੈ। ਪਰ ਇਹ ਕੋਈ ਨਵੀਂ ਗੱਲ ਤਾਂ ਹੈ ਨਹੀਂ ਭਾਰਤ ਵਿੱਚ ਮੰਤਰਾਂ ਦੀ  ਕਤੀ ਬਾਰੇ ਅਨੇਕਾਂ ਗ੍ਰੰਥ ਲਿਖੇ ਜਾ ਚੁਕੇ ਹਨ। ਗੁਰਬਾਣੀ ਵਿੱਚ ਵੀ  ਬਦਾਂ ਦੀ  ਕਤੀ ਬਾਰੇ ਅਨੇਕਾਂ ਉਦਾਹਰਨ ਮਿਲ ਜਾਂਦੇ ਹਨ। ਪਰਮਾਤਮਾ ਦਾ ਨਾਮ ਜਪਣ ਦੀ ਗੱਲ ਕੀਤੀ ਜਾਂਦੀ ਹੈ। ਪਰਮਾਤਮਾ ਦੇ ਨਾਂ ਵੀ ਆਮ ਤੌਰ ਤੇ ਸਾਕਾਰਤਾਮਕ ਹੁੰਦੇ ਹਨ। ਪਰ ਕਈ ਵਾਰ ਇੱਕ ਗੱਲ ਦੇ ਬਾਰ ਰਟਣ ਨਾਲ ਉਹ ਗੱਲ ਇਤਨੀ ਆਮ ਹੋ ਜਾਂਦੀ ਹੈ ਕਿ ਅਸੀਂ ਉਸ ਵੱਲ ਤਵੱਜੋਂ ਦੇਣੀ ਛੱਡ ਦਿੰਦੇ ਹਾਂ। ਉਹ ਗੱਲ ਮਹੱਤਵਪੂਰਨ ਹੁੰਦਿਆਂ ਵੀ ਉਸ ਉੱਤੇ ਅਮਲ ਨਹੀਂ ਕਰਦੇ। ਫਿਰ ਉਹੀ ਵਿਚਾਰ ਜਦੋਂ ਕਿਸੇ ਵੱਖਰੇ ਸੰਦਰਭ ਵਿੱਚ ਸਾਡੇ ਸਾਹਮਣੇ ਆਉਂਦਾ ਹੈ ਤਾਂ ਉਸ ਉੱਤੇ ਅਮਲ ਕਰਨ ਨੂੰ ਦਿਲ ਕਰਦਾ ਹੈ।

ਉਸ ਪੁਸਤਕ ਵਿੱਚ ਪੜ੍ਹਿਆ ਕਿ ਰੋ  ਕੁਝ ਸਕਾਰਾਤਮਕ  ਬਦ ਲਿਖੋ। ਇਹਨਾਂ ਦਾ ਪ੍ਰਭਾਵ ਸਾਰਾ ਦਿਨ ਰਹੇਗਾ ਤੇ ਦਿਨ ਚੰਗਾ ਲੰਘੇਗਾ। ਮੈਂ ਪੰਜਾਬੀ ਯੂਨੀਵਰਸਿਟੀ ਦਾ ਪੰਜਾਬੀ-ਅੰਗਰੇ ੀ ਕੋ  ਚੁੱਕਿਆ ਤੇ ਉਸ ਵਿੱਚੋਂ ਕੁਝ ਵਧੀਆ ਸਬਦ ਲਭਣੇ _ਰੂ ਕੀਤੇ।


ਪਹਿਲੇ ਪੰਨੇ ਤੇ  ਬਦ ਲੱਭਾ-ਉਸਤਤ ਇਸ  ਬਦ ਅੰਗਰੇ ੀ ਵਿੱਚ ਅਨੇਕਾਂ ਅਰਥ ਦਿੱਤੇ ਹੋਏ ਹਨ। ਜਿਵੇਂ praise, admiration, compliment, tribute, eulogy, loudation, etc. ਗੁਰਬਾਣੀ ਵਿੱਚ ਜਿਥੇ ਪਰਮਾਤਮਾ ਦੀ ਉਸਤਤ ਕਰਨ ਦੀ ਗੱਲ ਕੀਤੀ ਗਈ ਹੈ ਉਥੇ ਉਸਤਤ ਅਤੇ ਨਿੰਦਾ ਦੇ ਤਿਆਗ ਦੀ ਗੱਲ ਵੀ ਕੀਤੀ ਹੋਈ ਹੈ।

***ਉਸਤਤ ਮਨ ਮਹਿ ਕਰਿ ਨਿਰੰਕਾਰ॥***
***ਕਰਿ ਮਨ ਮੇਰੇ ਸਤ ਬਿਉਹਾਰ॥*** (281)
***ਉਸਤਤਿ ਨਿੰਦਾ ਦੋਊ ਤਿਆਗੈ***
***ਖੋਜੈ ਪਦੁ ਨਿਰਬਾਨਾ॥*** (281)

ਉਸਤਤ ਕਰਨੀ ਚਾਹੀਦੀ ਹੈ ਅਤੇ ਨਿੰਦਾ ਨਹੀਂ ਕਰਨੀ ਚਾਹੀਦੀ। ਫਿਰ ਉਸਤਤ ਨਿੰਦਾ ਦੋਊ ਤਿਆਗਣ ਤੋਂ ਕੀ ਭਾਵ ਹੈ। ਇੱਥੇ ਆਪਣੀ ਉਸਤਤ ਕਰਵਾਉਣ ਦੀ ਇੱਛਾ ਨਾ ਰੱਖਣ ਤੋਂ ਭਾਵ ਹੈ। ਕਈ ਵਾਰ ਜਦੋਂ ਸਾਡੀ ਕੋਈ ਉਸਤਤ ਕਰਦਾ ਹੈ ਤਾਂ ਸਾਨੂੰ ਹੰਕਾਰ ਹੋ ਜਾਂਦਾ ਹੈ। ਉਸ ਤੋਂ ਬਚਣਾ ਚਾਹੀਦਾ ਹੈ। ਪਿੱਛੇ ਜਿਹੇ ਇੱਕ ਪੁਸਤਕ ਪੜ੍ਹੀ ਸੀ One Minute Manager । ਉਸ ਵਿੱਚ ਇੱਕ ਕੰਪਨੀ ਦੇ ਮੈਨੇਜਰ ਦੀ ਸਫਲਤਾ ਵੇਖਦਿਆਂ ਉਸ ਦੀ ਕੰਮ ਕਰਨ ਦੀ ਵਿਧੀ ਦਾ ਵਿ ਲੇ ਣ ਕੀਤਾ ਗਿਆ ਸੀ। ਆਮ ਤੌਰ ਤੇ ਹਰ ਮੈਨੇਜਰ ਜਾਂ ਅਫਸਰ ਆਪਣਾ ਬਹੁਤਾ ਸਮਾਂ ਆਪਣੇ ਕਰਮਚਾਰੀਆਂ ਦੀਆਂ ਗਲਤੀਆਂ ਲੱਭਣ ਤੇ ਲਾਉਂਦਾ ਹੈ। ਪਰ ਉਹ ਮੈਨੇਜਰ ਆਪਣੇ ਕਰਮਚਾਰੀਆਂ ਦੇ ਚੰਗੇ ਕੰਮ ਲੱਭ ਕੇ ਉਹਨਾਂ ਦੀ ਉਸਤਤ ਕਰਨ ਨੂੰ ਰੋਜ ਇੱਕ ਮਿੰਟ ਦਿੰਦਾ ਸੀ। ਇਸ ਨਾਲ ਉਸ ਦੇ ਕਰਮਚਾਰੀ ਹੋਰ ਵਧੀਆ ਕੰਮ ਕਰਦੇ ਸਨ।

ਆਮ ਿ ੰਦਗੀ ਵਿੱਚ ਵੀ ਅਸੀਂ ਲੋਕਾਂ ਦੀਆਂ ਗਲਤੀਆਂ ਲੱਭ ਕੇ ਉਹਨਾਂ ਦੀ ਚਰਚਾ ਕਰਨ ਵਿੱਚ ਵਧੇਰੇ ਸੁਆਦ ਲੈਂਦੇ ਹਾਂ। ਜਦੋਂ ਕਿਸੇ ਦੇ ਵਧੀਆ ਕੰਮ ਦੀ ਉਸਤਤ ਹੋਣ ਲੱਗਦੀ ਹੈ ਤਾਂ ਸਾਨੂੰ ਆਪਣਾ ਆਪ ਹੀਣਾ ਜਾਪਣ ਲਗਦਾ ਹੈ ਅਤੇ ਉਸ ਦੇ ਕੰਮ ਵਿੱਚੋਂ ਵੀ ਅਸੀਂ ਨੁਕਸ ਲੱਭਣ ਦੀ ਕੋ ਿ  ਕਰਦੇ ਹਾਂ। ਇਹੋ ਜਿਹੇ ਬੰਦਿਆਂ ਵਾਸਤੇ ਭਗਤ ਕਬੀਰ ਜੀ ਨੇ ਕਿਹਾ ਹੈ- ***ਆਪ ਨ ਦੇਹਿ ਚੁਰੂ ਭਰਿ ਪਾਨੀ॥***
***ਤਿਹ ਨਿੰਦਹਿ ਜਿਹ ਗੰਗਾ ਆਨੀ॥*** (332)

ਅੰਗਰੇ ੀ ਵਿੱਚ ਵੀ ਤਿੰਨ ਸੀ Cs-criticize, complaint, condemn ਤੋਂ ਬਚਣ ਦੀ ਗੱਲ ਕੀਤੀ ਜਾਂਦੀ ਹੈ ਅਤੇ ਇੱਕ C–compliment, ਉੱਤੇ ਬਹੁਤ ੋਰ ਦਿੱਤਾ ਜਾਂਦਾ ਹੈ। ਵਾਕਿਆ ਹੀ ਸਬਦਾਂ ਵਿੱਚ ਬੜੀ ਸਕਤੀ ਹੁੰਦੀ ਹੈ। ਤੁਹਾਡਾ ਕੀ ਵਿਚਾਰ ਹੈ?



# ਪੰਖੀ ਬਿਰਖਿ ਸੁਹਾਵੜਾ

ਕਰਤਾਰ ਸਿੰਘ ਨੀਲਧਾਰੀ

*ਚਿੜੀ ਚੁਹਕੀ ਪਹੁ ਫੁਟੀ ਵਗਨਿ ਬਹੁਤੁ ਤਰੰਗ*
*ਅਚਰਜ ਰੂਪ ਸੰਤਨ ਰਚੇ ਨਾਨਕ ਨਾਮਹਿ ਰੰਗ ॥੧॥*
(ਗਉੜੀ ਵਾਰ ਸਲੋਕ ਪੰਜਵਾਂ 319)

ਹਰੇਕ ਸਵੇਰ ਸ੍ਰਿਸ਼ਟੀ ਰੂਪੀ ਅਨਾਹਦ ਸੰਗੀਤ ਦੀ ਨਵੀਂ ਸ਼ੁਰੂਆਤ ਹੁੰਦੀ ਹੈ। ਇਸ ਪ੍ਰਭਾਤ ਦਾ ਸੁਖ ਸੁਨੇਹਾ ਦੇਣ ਦੀ ਜ਼ਿੰਮੇਵਾਰੀ ਕੁਦਰਤ ਦੇ ਕਾਦਿਰ ਨੇ ਪੰਖੀਆਂ ਨੂੰ ਸੌਂਪੀ ਹੈ। ਚਿੜੀਆਂ ਦੀ ਚੁਲਬੁਲੀ ਚਹਿਚਹਾਹਟ ਮਨੁੱਖਾਂ ਨੂੰ ਕਹਿੰਦੀ ਹੈ ਜਾਗੋ ਤੇ ਤਿਆਰ ਓ ਤਾਜ਼ਾ ਹੋ ਕੇ ਦਿਨ ਨੂੰ ਸਕਾਰਥ ਕਰੋ। ਪਸ਼ੂ ਪੰਖੀ ਦੀਆਂ ਜੂਨਾਂ ਮਨੁੱਖੀ ਜੀਵਨ ਦੇ ਕਰਮਾਂ ਦੇ ਕਿਸੇ ਕਰਮਫਲ ਨਾਲ ਮਿਲਦੀਆਂ ਹਨ। ਭੋਜਨ, ਭੋਗ, ਭੈ (ਜੀਵਨ ਰਖਿਆ ਪ੍ਰਤਿ ਚੇਤਨਾ) ਅਤੇ ਨੀਂਦਰ ਰੂਪੀ ਚਾਰ ਜੀਵਨ ਜਾਚਾਂ ਵਿਚ ਜੀਵਨ ਗੁਜ਼ਾਰਦੇ ਹੋਏ ਉਹ ਸਾਰੇ ਮਨੁੱਖੀ ਤਨਾਵਾਂ ਅਤੇ ਕਰਮਾਂ ਦੇ ਵਰਗੀਕਰਣ ਤੇ ਉਨ੍ਹਾਂ ਦੇ ਕਰਮਫ਼ਲ ਤੋਂ ਮੁਕਤ ਹੁੰਦੇ ਹਨ। ਇਸ ਲਈ ਘੱਟ ਘੱਟ ਵਿਚ ਹਰਿ ਜੂ ਬਸੈ ਦਾ ਸਿਧਾਂਤ ਦੱਸਣ ਵਾਲੇ ਮਹਾਂਪੁਰਖ ਕਹਿੰਦੇ ਹਨ ਕਿ ਪਸ਼ੂ ਪੰਖੀ ਜੋ ਵੀ ਬੋਲਦੇ ਹਨ ਕੇਵਲ ਰੱਬ ਦਾ ਨਾਮ ਹੀ ਲੈਂਦੇ ਹਨ। ਗੁਰਬਾਣੀ ਸਾਖੀ ਹੈ

*ਫਰੀਦਾ ਹਉ ਬਲਿਹਾਰੀ ਤਿਨ ਪੰਖੀਆ*
*ਜੰਗਲਿ ਜਿਨਾ ਵਾਸੁ।*
*ਕਕਰੁ ਚੁਗਨਿ ਥਲਿ ਵਸਨਿ*
*ਰਬ ਨ ਛੋਡਨਿ ਪਾਸੁ॥*

(ਸਲੋਕ ਫਰੀਦ 1383)

ਕਰਤਾ ਪੁਰਖ ਦੀ ਸੰਗੀਤਮਈ ਸ੍ਰਿਸ਼ਟੀ ਦੇ ਦਿਨ ਦਾ ਸਰਬੋਤਮ ਆਗਾਜ਼ ਪੰਖੀਆਂ ਰਾਹੀਂ ਕੀਤੇ ਸਾਮੂਹਿਕ ਕੀਰਤਨ ਨਾਲ ਹੁੰਦਾ ਹੈ ਅਤੇ ਗਗਨ ਉਡਾਰੀਆਂ ਮਾਰਨ ਵਾਲੇ ਪੰਖੀਆਂ ਨੂੰ ਖਗ (ਖ-ਆਕਾਸ਼, ਗ-ਵਿਚਰਨ) ਕਰਨ ਵਾਲੇ ਤੇ ਬਿਹੰਗਮ (ਗਗਨ ਵਿਚਰਨ ਕਰਨ ਵਾਲੇ) ਕਿਹਾ ਜਾਂਦਾ ਹੈ। ਸਾਹਿਬ ਸ੍ਰੀ ਅਰਜੁਨ ਦੇਵ ਜੀ ਪ੍ਰੀਤਮ ਦੀ ਤਲਾਸ਼ ਕਰਨ ਲਈ ਖੰਭਾਂ ਦਾ ਬਾਜ਼ਾਰ ਤਲਾਸ਼ਦੇ ਹੋਏ ਫੁਰਮਾਂਦੇ ਹਨ ਕਿ ਜੇਕਰ ਖੰਭ ਵਿਕਦੇ ਹੋਣ ਤਾਂ ਸਾਵੇਂ ਤੋਲ ਦੇ ਲੈ ਕੇ ਤਨ ਨੂੰ ਜੜਾ ਕੇ ਪ੍ਰੀਤਮ ਨੂੰ ਲੱਭਣ ਲਈ ਉਡਾਰੀ ਮਾਰ ਲਵਾਂ

*ਖੰਭ ਵਿਕਾਂਦੜੇ ਜੇ ਲਹਾਂ ਘਿੰਨਾ ਸਾਵੀ ਤੋਲਿ॥*
*ਤੰਨਿ ਜੜਾਈ ਆਪਣੇ ਲਹਾਂ ਸੁ ਸਜਣੁ ਟੋਲਿ॥*
(ਸਲੋਕ ਪੰਜਵਾਂ 1426)

ਨਿਰਗੁਣ ਨਿਰਾਕਾਰ ਦਾ ਏਕੰਕਾਰ (ਸਰਗੁਣ ਸਾਕਾਰ) ਰੂਪ ਇਕ ਓਅੰਕਾਰ ਦੇ ਰੂਪ ਵਿਚ ਸ੍ਰਿਸ਼ਟੀ ਤੇ ਸ੍ਰਿਸ਼ਟੀ ਕਰਤਾ ਹੋ ਕੇ ਵੀ ਨਿਰਲੇਪ ਹੀ ਰਹਿੰਦਾ ਹੈ। ਸ੍ਰਿਸ਼ਟੀ ਦੀ ਸਰਬੋਤਮ ਕਿਰਤ ਮਨੁੱਖ ਦੇ ਰੂਪ ਵਿਚ ਉਹ ਆਪ ਗੁਰੂ ਅਵਤਾਰ ਰੂਪ ਵਿਚ ਅਵਤਾਰ ਲੈਂਦਾ ਹੈ ਅਤੇ ਜੁਗਾਂਤਰ ਅਵਤਾਰੀ ਸਾਂਝ ਵਿਚ ਵਾਹਿਗੁਰੂ ਨਾਮ ਨਾਲ ਇਸ ਕਲਿਜੁਗ ਦੇ ਪਾਰ ਉਤਾਰੇ ਲਈ ਗੁਰੂ ਨਾਨਕ ਦੇ ਰੂਪ ਵਿਚ ਜਗ ਜਾਹਿਰ ਹੋਇਆ ਪ੍ਰਭੂ ਨੇ ਆਪਣੀ ਬ੍ਰਹਮ ਬਾਣੀ ਦੇ ਗ੍ਰੰਥ ਦੀ ਰਚਨਾ ਪੰਜਵੇਂ ਗੁਰੂ ਨਾਨਕ ਦੇਵ ਦੇ ਰੂਪ ਵਿਚ ਕਰਨ ਸਮੇਂ ਆਪਣੇ ਸਚਖੰਡ ਦੇ ਦਰਬਾਰੀ ਸੰਤਾ -ਭਗਤਾਂ - ਭੱਟਾਂ-ਰਬਾਬੀਆਂ ਨੂੰ ਵੀ ਸ਼ਾਮਲ ਕਰਕੇ ਸਾਰੇ ਸੰਸਾਰ ਨੂੰ ਸਾਂਝਾ ਉਪਦੇਸ਼ ਦੇਣ ਦਾ ਪਰੋਪਕਾਰ ਕੀਤਾ।

ਸੰਗੀਤ ਮਈ ਸ੍ਰਿਸ਼ਟੀ ਨੂੰ ਅਨਾਹਦ ਸੰਗੀਤ ਨਾਲ ਜੋੜਨ ਲਈ ਗੁਰੂ ਜੀ ਨੇ ਗੁਰਪ੍ਰਸਾਦਿ ਰੂਪੀ ਗੁਰਬਾਣੀ ਨੂੰ ਕਿਸੇ ਵਿਚਾਰ ਸ਼ੈਲੀ ਜਾਂ ਦਰਸ਼ਨ ਪ੍ਰਬੰਧ ਦੀ ਕਲਿਸ਼ਟ ਵਿਦਵਤਾ ਭਰੇ ਸਾਸ਼ਤ੍ਰ ਰੂਪ ਵਿਚ ਸਿਰਜਨ ਨਾਲੋਂ ਰਾਗ ਸੰਗੀਤ ਜੁਗਤਿ ਵਿਚ ਪ੍ਰਸਤੁਤ ਕੀਤਾ ਹੈ। ਅੱਖਰਾਂ ਦੀ ਭਾਸ਼ਾ ਹੀ ਇਲਾਕਾਈ ਵੰਡੀਆਂ ਪਾਉਂਦੀ ਹੈ ਪਰ ਸੰਗੀਤ ਦੇ ਸੱਤ ਸੁਰ ਸਾਰੇ ਸੰਸਾਰ ਦੇ ਉਸੇ ਤਰ੍ਹਾਂ ਹੀ ਸਾਂਝੇ ਹਨ ਜਿਵੇਂ ਪੰਖੀਆਂ ਦਾ ਕਲਰਵ ਸਾਰੇ ਸੰਸਾਰ ਵਿਚ ਇਕੋ ਜਿਹਾ ਹੈ। ਅੱਖਰ ਬੇਸ਼ੱਕ ਉਪਦੇਸ਼ ਦਿੰਦੇ ਹਨ ਪਰ ਸੰਗੀਤ ਕੀਰਤਨ ਦੇ ਸਾਜਾਂ ਦੀ ਧੁਨਕਾਰ ਦੇ ਪੰਜ ਪ੍ਰਮੁੱਖ ਰੂਪ ਹੀ, ਅਨਾਹਦ ਨਾਦ ਰੂਪੀ, ਪਰਮੇਸ਼ਰ ਪਿਆਰੇ ਪੰਖੀ

(ਬਿਹੰਗਮ) ਜੀਵਤ ਮਾਵਾਂ ਨੂੰ ਮਿਲਣ ਵਾਲੀ, ਆਨੰਦ ਅੰਮ੍ਰਿਤਧਾਰਾ ਦਸੇ ਗਏ ਹਨ। ਤਾਰ ਨੂੰ ਛੇੜਨ ਨਾਲ, ਮੜੇ ਚਮੜੇ ਦੀ ਥਾਪ, ਧਾਤੂਆਂ ਦੇ ਟਕਰਾਉਣ ਨਾਲ ਉਪਜਿਆ ਸੰਗੀਤ, ਘੜੇ ਉਤੇ ਥਾਪ ਮਾਰ ਕੇ

ਹੱਥ ਦੇ ਦਬਾਅ ਨਾਲ ਬਣਿਆ ਘਟ ਨਾਦ ਅਤੇ ਫੂਕ ਮਾਰਕੇ ਪੈਦਾ ਸੰਗੀਤ - ਇਹ ਸੰਗੀਤ ਪੈਦਾ ਕਰਨ ਵਾਲੇ ਪੰਜ ਜੁਗਤਾਂ ਪੰਜ ਸ਼ਬਦ ਕਹੇ ਗਏ ਹਨ ਜਿਹੜੇ ਅਨਹਦ ਨਾਦ ਰੂਪ ਵਿਚ ਜੋਗੀ ਅਤੇ ਆਤਮ ਗਿਆਨੀ ਦੇ ਆਨੰਦ ਦਾ ਸਿਖਰ ਹੁੰਦੇ ਹਨ।

*ਪੰਚ ਸ਼ਬਦ ਤਹ ਪੂਰਨ ਨਾਦ॥*
*ਅਨਹਦ ਬਾਜੇ ਅਚਰਜ ਬਿਸਮਾਦ॥*

(ਰਾਮਕਲੀ ਪੰਜਵਾਂ 888)

*ਪੰਜ ਸਬਦ ਧੁਨਿਕਾਰ ਧੁਨਿ*
*ਤਹਿ ਬਾਜੈ ਸਬਦੁ ਨੀਸਾਣੁ॥*
*ਦੀਪ ਲੋਅ ਪਾਤਾਲ ਤਹ ਖੰਡ ਮੰਡਲ ਹੈਰਾਨੁ॥*
*ਤਾਰ ਘੋਰ ਬਾਜਿੰਤ੍ਰ ਤਹ ਸਾਚਿ ਤਖਤਿ ਸੁਲਤਾਨੁ*

(ਮਲਾਰ ਪਹਿਲਾ 129)

*ਪੰਚੇ ਸਬਦ ਅਨਾਹਦ ਬਾਜੇ ਸੰਗੇ ਸਾਰਿੰਗ ਪਾਨੀ॥*
*ਕਬੀਰ ਦਾਸ ਤੇਰੀ ਆਰਤੀ ਕੀਨੀ*
*ਨਿਰੰਕਾਰ ਨਿਰਬਾਨੀ॥*

(ਪ੍ਰਭਾਤੀ ਕਬੀਰ 1350)

ਭਾਰਤ ਦੇ ਸ਼ਾਸਤ੍ਰੀ ਸੰਗੀਤ ਵਿਚ ਗਾਇਕੀ ਦੇ ਨਾਲ ਵਾਦ ਬ੍ਰਿੰਦ ਸੰਗੀਤ (ਇਨਸਟਰੂਮੈਂਟਲ ਮਿਊਜ਼ਿਕ) ਦੀ ਲੰਮੀ ਪਰੰਪਰਾ ਇਸ ਅਨਾਹਦ ਨਾਦ ਦੇ ਅਨੁਰੂਪ ਹੀ ਪ੍ਰਸਿੱਧ ਰਹੀ ਹੈ। ਸਾਜ਼ਾਂ ਦੀ ਸੁਰੀਲੀ ਤਾਨ ਸੁਣਕੇ ਇਕ ਵਾਰੀ ਬੰਦੇ ਦਾ ਮਨ ਖਲੋ ਜਾਂਦਾ ਹੈ ਤੇ ਹਿਰਦੇ ਵਿਚ ਹਿਲੋਰਾਂ ਆ ਜਾਂਦੀਆਂ ਹਨ। ਪਹਾੜਾਂ ਵਿਚ ਸੈਰ ਕਰਨ ਜਾਈਏ ਤਾਂ ਸ਼ਹਿਰਾਂ ਦੇ ਰੌਲੇ ਤੋਂ ਦੂਰ ਕਦੀ ਕਦਾਈਂ ਕਿਸੇ ਮੌਜੀ ਦੀ ਬੰਸਰੀ ਦੀ ਤਾਨ ਕਿਸੇ ਉਚੇਰੇ ਲੋਕ ਵਿਚ ਲੈ ਜਾਂਦੀ ਹੈ। ਭਗਵਾਨ ਕ੍ਰਿਸ਼ਨ ਦੀ ਬਾਂਸੁਰੀ ਤੀ ਤਾਨ ਬ੍ਰਿੰਦਾਬਨ ਦੀਆਂ ਸਾਖੀਆਂ ਤੇ ਰਾਸਲੀਲਾਵਾਂ ਦੀ ਆਤਮਾ ਕਹੀ ਜਾ ਸਕਦੀ ਹੈ। ਬਾਂਸੁਰੀ ਦੀ ਇਸ ਤਾਨ ਦੀ ਉਪਮਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਉਨੇ ਹੀ ਉਮਾਹ ਨਾਲ ਕੀਤੀ ਹੈ ਜਿੰਨੇ ਸ਼ੋਕ ਨਾਲ ਦੇਵ ਦਾਨਵ ਯੁੱਧਾਂ (ਚੰਡੀ ਦੀ ਵਾਰ, ਚੰਡੀ ਚਰਿਤ੍ਰ ਤੇ ਹੋਰ ਯੁੱਧ ਪ੍ਰਕਰਣ) ਪ੍ਰਸੰਗਾਂ ਵਿਚ ਹਥਿਆਰਾਂ ਦੀ ਟੰਕਾਰ ਨਾਲ ਮੁਰਦਾ ਹਿਰਦਿਆਂ ਨੂੰ ਮੌਤ ਤੋਂ ਨਿਰਭੈ ਕੀਤਾ ਹੈ। ਮੁਰਲੀ ਮਨੋਹਰ ਦੀ ਮੁਰਲੀ ਨੇ ਤ੍ਰਿਲੋਕੀ ਨੂੰ ਮੋਹ ਲਿਆ ਸੀ

ਦੋਹਰਾ -

*ਕ੍ਰਿਸ਼ਨ ਮਨੈ ਅਤੀ ਰੀਝ ਕੈ*
*ਮੁਰਲੀ ਉਠਾਯੋ ਬਜਾਇ॥*
*ਰੀਝ ਰਹੀ ਸਭ ਗੋਪੀਯਾਂ ਮਹਾਂ ਪ੍ਰਮੁਦ ਮਨ ਪਾਇ॥*

(637)

ਸਵੈਯਾ-

*ਮੁਰਲੀ ਮੁਖ ਕਾਨ੍ਹਰ ਕੇ ਤਰੁਏ,*
*ਤਰ ਸਯਾਮ ਕਹੈ ਬਿਧਿ ਖੂਬ ਫਕੀ॥*
*ਬ੍ਰਿਜ ਭਾਮਾਨ ਆ ਪਹੁੰਚੀ ਦਵਰੀ*
*ਸੁਧ ਹਿਯਾ ਜੁ ਰਹੀ ਨ ਕਛੂ ਮੁਖ ਕੀ।*
*ਮੁਖ ਕੋ ਪਿਖ ਰੂਪ ਕੇ ਬਾਸਯ ਭਈ*
*ਮਤ ਵੈ ਆਤਿ ਹੀ ਕਹਿ ਕਾਨਯ ਕੀ।*
*ਇਕ ਝੂਮ ਪਰੀ ਇਕ ਗਾਇ ਉਠੀ*
*ਤਨ ਮੈ ਇਕ ਹੁੰ ਰਹਿਸੀ ਸੁ ਜਕੀ॥* (447)
*ਸੋਰਠ ਸਾਰੰਗ ਅਉ ਗੁਜਰੀ*
*ਲਲਤਾ ਭੈਰਵ ਅਰੁ ਦੀਪਕ ਗਾਵੈ।*
*ਟੋਡੀ ਆਉ ਮੇਘ ਮਲਾਰ ਅਲਾਪਾਤ*
*ਗੋਡ ਆਉ ਸੁੱਧ ਮਲਾਰ ਸੁਨਾਵੈ॥*
*ਜੈਤ-ਸਿਰੀ ਅਰੁ ਮਾਲ ਸਿਰੀ,*
*ਆਉ ਪਰਜ ਜੁ ਰਾਗ ਸਿਰੀ ਨਟ ਪਾਵੈ॥*
*ਸਯਾਮ ਕਹੈ ਹਰਿ ਜੀ ਰਿਝ ਕੈ*
*ਮੁਰਲੀ ਸੰਗ ਕੋਟਕ ਰਾਗ ਬਜਾਵੈ।* (231)

ਸ੍ਰੀ ਕ੍ਰਿਸ਼ਨ ਮੁਰਲੀ ਵਜਾ ਕੇ ਗੋਪੀਆਂ ਨੂੰ ਵਿਆਕੁਲ ਕਰ ਦਿੰਦੇ ਸਨ ਤੇ ਗੋਪੀਆਂ ਘਰ ਅਤੇ ਘਰਦਿਆਂ ਨੂੰ ਛੱਡ ਕੇ ਸ੍ਰੀ ਕ੍ਰਿਸ਼ਨ ਦੇ ਦੁਆਲੇ ਘੇਰਾ ਪਾ ਕੇ ਗੀਤ ਮਧੁਰ ਬਾਂਸੁਰੀ ਦੇ ਰਾਗ ਦੀ ਤਾਲ ਅਨੁਸਾਰ ਗੀਤ ਗਾ ਕੇ ਸੰਸਾਰ ਤੋਂ ਨਿਆਰੇ ਲੋਕ ਵਿਚ ਪੁੱਜ ਜਾਂਦੀਆਂ ਸਨ ਜਿਥੇ ਕ੍ਰਿਸ਼ਨ ਤੇ ਗੋਪੀਆਂ ਅਤੇ ਬਾਂਸੁਰੀ ਦੀ ਤਾਨ ਤੇ ਗੋਪੀਆਂ ਦੇ ਗੀਤ ਇਕ ਰਸ ਹੋ ਜਾਂਦੇ ਸਨ। ਅਜਿਹੇ ਬੈਕੁੰਠ ਸੰਗੀਤ ਦੀ ਸ੍ਰਿਸ਼ਟੀ ਸ੍ਰੀ ਗੁਰੂ ਨਾਨਕ ਦੇਵੀ ਜੀ ਨੇ ਰਬਾਬੀ ਭਾਈ ਮਰਦਾਨੇ ਨੂੰ ਨਾਲ ਲੈ ਕੇ ਸਾਰੇ ਸਭਿਅਕ ਸੰਸਾਰ ਸੋਧਣ ਲਈ ਕੀਤੀ ਸੀ। ਇਸੇ ਬੈਕੁੰਠੀ

ਸੂਹਜ ਸੁਆਦ ਨੂੰ ਕੀਰਤਨ ਦੇ ਨਿਤ ਨੇਮ ਦੇ ਰੂਪ ਵਿਚ ਸਿੱਖ ਧਰਮ ਨੂੰ ਸੌਂਪ ਦਿੱਤਾ ਗਿਆ। ਇਸ ਬੈਕੁੰਠੀ ਵਿਰਾਸਤ ਦਾ ਲਾਭ ਗੁਰਸਿੱਖ ਮਾਨਸਿਕਤਾ ਕਿੰਨਾ ਕੁ ਲੈ ਰਹੀ ਹੈ ਇਸ ਦਾ ਵਿਵੇਚਨ ਇਸ ਚਿੜੀ ਚੂਹਕ ਵਿਚ ਨਹੀਂ ਕੀਤਾ ਜਾ ਸਕਦਾ।

ਰਾਤ ਦਾ ਚੌਥਾ ਪਹਿਰ ਗੁਰ ਸਿੱਖਾਂ ਦੇ ਜੀਵਨ ਦੇ ਦਸਵੰਧ ਦੇ ਰੂਪ ਵਿਚ ਗੁਰਦੁਆਰੇ ਨਾਲ ਜੋੜ ਦਿੱਤਾ ਗਿਆ ਹੈ। ਮਨੁੱਖੀ ਸਰੀਰ ਅੰਗਾਂ ਨਾਲ ਗਾਇਆ, ਵਜਾਇਆ, ਸੁਣਿਆ ਅਤੇ ਮਨਨ ਕੀਤਾ ਇਹ ਕੀਰਤਨ ਸੰਗੀਤ 'ਆਸਾ ਦੀ ਵਾਰ' ਦੇ ਨਿਤਨੇਮ ਦੇ ਰੂਪ ਵਿਚ ਪਹੁ ਫੁਟਾਲੇ ਤੋਂ ਪਹਿਲਾਂ ਰੱਖਿਆ ਗਿਆ ਹੈ। ਪੰਖੀਆਂ ਦੀ ਚਹਿਚਹਾਟ ਪ੍ਰਭਾਤ ਵੇਲੇ ਸ਼ੁਰੂ ਹੁੰਦੀ ਹੈ ਪਰ ਗੁਰਮੁਖਾਂ ਲਈ ਇਕ ਪਹਿਰ ਪਹਿਲਾਂ ਹੀ ਗੁਰਪ੍ਰਸਾਦੀ ਕੀਰਤਨ ਨਾਲ ਜੁੜ ਕੇ (ਮਾਨਸਿਕ) ਪੰਖੀ ਉਡਾਰ ਮਾਰਨ ਲਈ ਉਤਸ਼ਾਹਿਤ ਕਰਕੇ ਅਭਿਆਸ ਕਰਾਉਣ ਦਾ ਗੁਰੂ ਸਿਧਾਂਤ ਨਿਸ਼ਚਿਤ ਕਰ ਦਿੱਤਾ ਗਿਆ ਹੈ। ਅੰਮ੍ਰਿਤ ਵੇਲੇ ਗੁਰੂ ਬਜ਼ਾਰ ਵਿਚੋਂ ਨਾਮ ਜਪੁ ਅਤੇ ਕੀਰਤਨ ਰੂਪੀ ਦੋ ਸਾਵੇਂ ਪੰਖਾਂ ਨੂੰ ਤਨ ਨਾਲ ਜੜਾ ਕੇ ਪ੍ਰਭੂ ਪ੍ਰੀਤਮ ਦੇ ਦੇਸ ਵੱਲ ਉਡਾਰੀ ਮਾਰੀ ਜਾ ਸਕਦੀ ਹੈ। ਕਬੀਰ ਸਾਹਿਬ ਇਸ ਸਾਧਨਾ ਉਡਾਰੀ ਨੂੰ ਰਹੱਸਮਈ ਸ਼ਬਦਾਵਲੀ ਵਿਚ ਇੰਝ ਪ੍ਰਗਟ ਕਰਦੇ ਹਨ

***ਕਬੀਰ ਦਾਤਾ ਤਰਵਰ ਦਯਾ ਫਲੁ ਉਪਕਾਰੀ ਜੀਵੰਤ***
***ਪੰਖੀ ਚਲੇ ਦਿਸਾਵਰੀ ਬਿਰਖਾ ਸੁਫਲ ਫਲੰਤ।***

(ਸਲੋਕ ਕਬੀਰ 230-1376)

ਅਤੇ

***ਕਹੈ ਕਬੀਰ ਸੁਨਹੁ ਰੇ ਸੰਤਹੁ***
***ਇਹ ਮਨ ਉਡਨ ਪੰਖੇਰੂ ਬਨ ਕਾ।***

(ਸਾਰੰਗ ਕਬੀਰ 1263)

ਅੰਤਾਕਰਣ ਵਿਚ ਪ੍ਰਵੇਸ਼ ਕਰਨ ਲਈ ਅੰਮ੍ਰਿਤ ਵੇਲੇ ਦੀ ਸਾਰਥਕਤਾ ਹਰੇਕ ਧਰਮ ਵਿਚ ਪ੍ਰਵਾਨੀ ਗਈ ਹੈ। ਸ਼ਾਸ਼ਤਰਾਂ ਵਿਚ ਅੰਤਾਕਰਣ ਦੇ ਚਾਰ ਤੱਤ ਮੰਨੇ ਗਏ ਹਨ - ਮਨ, ਬੁੱਧੀ, ਚਿੱਤ ਤੇ ਅਹੰਕਾਰ। ਗੁਰੂ ਵਾਲਾ ਬਣ ਕੇ ਨਾਮ ਸ਼ਬਦ ਲੈ ਕੇ ਉਪਦੇਸ਼ (ਗੁਰਬਾਣੀ ਅਨੁਸਾਰ) ਨੂੰ ਬੁੱਧੀ ਦਾ ਸੰਬਲ ਬਣਾ ਕੇ ਮਨ ਦੀ ਬਿਰਤ ਗੁਰਮਤਿ ਨਾਲ ਜੋੜ ਕੇ ਬਿਬੇਕ ਪੈਦਾ ਹੁੰਦਾ ਹੈ। ਬਿਬੇਕ ਨਾਲ ਹੀ ਧਰਮ ਅਧਰਮ, ਪਾਪ-ਪੁੰਨ ਤੇ ਸਚਿਆਰ ਕੁੜਿਆਰ ਦਾ ਗਿਆਨ ਮਿਲਦਾ ਹੈ ਤੇ ਮਨੁਖੀ ਜੀਵਨ ਨੂੰ ਸਾਰਥਕ ਕਰਨ ਦਾ ਸ਼ੌਕ ਪੈਦਾ ਹੁੰਦਾ ਹੈ। ਇਸ ਤਰ੍ਹਾਂ ਬਿਬੇਕ ਚਿੱਤ ਨੂੰ ਨਾਮ ਬਾਣੀ ਨਾਲ ਜੋੜ ਕੇ ਸਦਾਚਾਰ ਤੇ ਸਿਮਰਨ ਦੇ ਮਾਰਗ ਤੇ ਤੋਰਦਾ ਹੈ। ਤਨ-ਬਾਣੀ ਤੇ ਮਨ ਦੀ ਨਿਰਮਲਤਾ ਦੀ ਪਰਿਭਾਸ਼ਾ ਤੇ ਪੂਰਾ ਹੋ ਕੇ ਇਹ ਚਿਤ ਸੁਰਤਿ ਬਣ ਜਾਂਦੀ ਹੈ। ਸੁਰਤਿ ਤੇ ਸ਼ਬਦ ਦੇ ਸੰਜੋਗ ਨਾਲ ਤ੍ਰਿਕੁਟੀ ਰੂਪੀ ਮੁਖ ਮੁਕਤੀ ਦੁਆਰਾ ਖੁਲਦਾ ਹੈ:

***ਕਬੀਰ ਮੁਕਤਿ ਦੁਆਰਾ ਸੰਕੁੜਾ***
***ਰਾਈ ਦਸਵੈ ਭਾਇ॥***
***ਮਨ ਤਉ ਮੈਗਲੁ ਹੋਇ ਰਹਾ***
***ਨਿਕਸਿਆ ਕਿਉ ਕਰਿ ਜਾਇ॥*** (509)

ਸਤਿਗੁਰ ਪ੍ਰਸਾਦਿ ਨਾਲ ਰਾਈ ਦੇ ਦਸਵੇਂ ਹਿੱਸੇ ਬਰਾਬਰ ਮਹੀਨ ਦਰਵਾਜਾ ਮੋਕਲਾ ਹੋ ਜਾਂਦਾ ਹੈ ਤੇ ਗੁਰਮੁਖ ਜਦੋਂ ਚਾਹੇ ਉਡਾਰੀ ਮਾਰ ਕੇ ਜਾ ਸਕਦਾ ਹੈ।

***ਐਸਾ ਸਤਿਗੁਰ ਜੇ ਮਿਲੈ ਤੁਠਾ ਕਰੇ ਪਸਾਉ॥***
***ਮੁਕਤਿ ਦੁਆਰਾ ਮੋਕਲਾ ਸਹਜੇ ਆਵਉ ਜਾਉ॥***

(ਵਾਰ ਗੂਜਰੀ ਤੀਜਾ 509)

ਸਾਧਕ ਦੇ ਅਭਿਆਸ ਸਾਧਨ ਅਨੁਸਾਰ ਸੁਰਤਿ ਕੀੜੀ ਜਾਂ ਸੁਸਰੀ ਚਾਲ ਨਾਲ ਚਲਦੀ ਹੈ। ਦੂਜੇ ਅਭਿਆਸ ਅਨੁਸਾਰ ਕਛੂਏ ਵਾਂਗ ਜਾਂ ਡੱਡੂ ਵਾਂਗ ਛੜੱਪਾ ਮਾਰਦੀ ਹੈ ਅਤੇ ਤੀਜੇ ਅਭਿਆਸ ਅਨੁਸਾਰ ਸੁਰਤਿ ਬਾਂਦਰ ਵਾਂਗ ਛਲਾਂਗ ਲਗਾਉਂਦੀ ਹੈ (ਜਿਵੇਂ ਮਸਤਾਨੇ) ਚੌਥੀ ਅਵਸਥਾ ਬਿਹੰਗਮ ਜਾਂ ਪੰਖੀਆਂ ਵਾਂਗ ਹੈ ਜਦੋਂ ਸਹਿਜ ਉਡਾਰੀ ਮਾਰ ਕੇ ਸੁਰਤਿ ਪ੍ਰੀਤਮ ਦੇ ਦੇਸ਼ ਵਿਚ ਪੁੱਜਣ ਵਿਚ ਸਮਰਥ ਹੁੰਦੀ ਹੈ। ਅਜਿਹੇ ਆਤਮ ਸੁਤੰਤਰ ਚੇਤਾ ਅਭਿਆਸੀ ਸਾਧਾਂ ਨੂੰ ਅਜਿਹੀ ਸੁਰਤਿ ਚੇਤਨਾ ਮਿਲ ਜਾਂਦੀ ਹੈ ਕਿ ਜਦੋਂ ਚਾਹੁਣ ਬਿਦੇਹ ਹੋ ਸਕਦੇ ਹਨ। ਅੰਮ੍ਰਿਤ ਵੇਲੇ ਦਾ ਕੀਰਤਨ ਅਜਿਹੀ ਸਾਰਥਕ ਮੁਕਤੀ ਦੇਣ ਵਾਲਾ ਸਭ ਤੋਂ ਵੱਡਾ ਗੁਰਪ੍ਰਸਾਦਿ ਹੈ। ਸਾਸਤ੍ਰਾਂ ਦੇ ਨਾਲ ਸੰਗੀਤ ਨੂੰ ਵੀ ਸੀਮਤ ਵਰਗਾਂ ਦੇ ਏਕਾਧਿਕਾਰ ਵਿਚ ਸੁਰਕਸ਼ਿਤ ਰੱਖਿਆ ਗਿਆ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਬ੍ਰਹਮ ਗਿਆਨ ਰੂਪੀ ਗੁਰਬਾਣੀ ਨੂੰ ਰਾਗ ਸੰਗੀਤ

ਕੀਰਤਨ ਰੂਪੀ ਅਨਾਹਦ ਨਾਦ ਪ੍ਰਾਪਤ ਕਰਨ ਦੀ ਸਰਬ ਸੁਲਭ ਜੁਗਤਿ ਬਣਾ ਦਿੱਤਾ।

ਪੰਖੀ ਰੂਪੀ ਮਨੁੱਖ ਰੋਟੀ ਰੋਜ਼ੀ ਤੇ ਅਰਥ ਕਾਮ ਦੇ ਪ੍ਰਕਰਣਾਂ ਵਿਚ ਰੁਝਿਆ ਹੋਇਆ ਸਾਧਾਰਣ ਰੂਪ ਵਿਚ ਕਦੀ ਸ਼ਾਮ ਨੂੰ ਪੰਖੀਆਂ ਵਾਂਗ ਇਕੱਠੇ ਬੈਠ ਕੇ ਚਹਿਕ ਨਹੀਂ ਸਕਦਾ।

***ਪੰਖੀ ਬਿਰਖ ਸੁਹਾਵੜੇ ਊਡਹਿ ਚਹੁ ਦਿਸਿ ਜਾਹਿ।***
***ਜੇਤਾ ਊਡਹਿ ਦੁਖ ਘਣੇ ਨਿਤ***
***ਦਾਝਹਿ ਤੇ ਬਿਲਲਾਹਿ।***

(ਸਿਰੀ ਤੀਜਾ 66)

ਮਨੁੱਖ ਦੀ ਕਿਸਮਤ ਚੰਗੀ ਹੋਵੇ ਅਤੇ ਗੁਰੂ ਦੇ ਲੇਖੇ ਲਗ ਜਾਏ ਤਾਂ ਸ਼ਬਦ ਬਾਣੀ ਕੀਰਤਨ ਰਾਹੀਂ ਸੱਚ ਪਰਮਾਤਮਾ ਦੇ ਰਾਹ ਦਾ ਸਫ਼ਰ ਸ਼ੁਰੂ ਕਰਕੇ ਸਚਿਆਰ ਹੋਣਾ ਸ਼ੁਰੂ ਕਰਦਾ ਹੈ।

***ਪੰਖੀ ਬਿਰਖਿ ਸੁਹਾਵੜਾ ਸਚੁ ਚੁਗੈ ਗੁਰ ਭਾਇ॥***
***ਹਰਿ ਰਸ ਪੀਵੈ ਸਹਿਜ ਰਹੇ ਉਡੈ ਨ ਆਵੈ ਜਾਇ॥***

(ਸਿਰੀ ਤੀਜਾ 66)

ਕੀਰਤਨ ਦਾ ਆਹਰ ਗੁਰੂ ਜੀ ਨੇ ਨਿਤਨੇਮ ਬਣਾਇਆ ਹੈ ਪਰ ਕਿੰਨੇ ਕੁ ਭਾਗਾਂ ਵਾਲੇ ਹਨ ਜਿਹੜੇ ਇਸ ਕੀਰਤਨ ਨਾਲ ਜੁੜ ਕੇ ਪੰਖੀਆਂ ਵਾਂਗ ਸਵੇਰੇ ਸ਼ਾਮ ਕੀਰਤਨ ਕਰਨ ਸੁਣਨ ਦਾ ਨਿਤਨੇਮ ਪੂਰਾ ਰੱਖਦੇ ਹਨ :

***ਮਨ ਮਹਿ ਚਿਤਵਉ ਚਿਤਵਨੀ***
***ਉਦਮੁ ਕਰਉ ਉਠਿ ਨੀਤ।***
***ਹਰਿ ਕੀਰਤਨ ਕਾ ਆਹਰੋ***
***ਹਰਿ ਦੇਹੁ ਨਾਨਕ ਕੇ ਮੀਤ॥***

(ਗੂਜਰੀ ਪੰਜਵਾਂ ਪੰਨਾ 319)

ਅਜੇਹੀ ਅਰਦਾਸ ਕਰਨ ਵਾਲੇ ਗੁਰੂ ਪਿਆਰੇ ਹੀ ਸਵਾਸਾਂ ਨੂੰ ਸਿਮਰਨ ਸੰਗੀਤ ਨਾਲ ਜੋੜ ਕੇ ਅਜਪਾ ਜਾਪ ਦਾ ਕੀਤਰਨ ਮਾਣਦੇ ਹੋਏ ਹਿਰਦੇ ਨੂੰ ਅਸਲ ਜੋਗੀਆਂ ਵਾਲੇ ਕਲਪਿਤ ਅਨਾਹਤ ਚੱਕਰ ਨੂੰ ਸਾਰਥਕ ਅਨਾਹਤ ਮੰਡਲ ਬਣਾ ਲੈਂਦੇ ਹਨ। ਅਜੇਹੀ ਸਬਸ-ਸੰਗੀਤ-ਸਾਧਨਾ-ਸਿੱਧੀ ਪੰਖੀਆਂ ਦੀ ਉਡਾਰੀ ਦਾ ਇਕ ਨਿਆਰਾ ਰੂਪ ਹੈ ਜਿਸਦੀ ਤੁਲਨਾ ਅਸਲ ਜਾਂ ਹੁਮਾ ਪੰਥੀ ਨਾਲ ਕੀਤੀ ਜਾਂਦੀ ਹੈ ਸੋ ਸਦਾ ਆਕਾਸ਼ ਵਿਚ ਹੀ ਰਹਿੰਦਾ ਹੈ। ਜੇਕਰ ਹੁਮਾ ਪੰਖੀ ਆਂਡਾ ਵੀ ਦੇਂਦਾ ਹੈ ਸੋ ਹੇਠਾ ਡਿਗਦਾ ਹੈ ਆਕਾਸ਼ ਤੋਂ ਰਾਹਦੇ ਵਿਚ ਉਹ ਆਂਡਾ ਹਵਾ ਦੀ ਗਰਮੀ ਨਾਲ ਆਪ ਹੀ ਫੁੱਟ ਜਾਂਦਾ ਹੈ ਤੇ ਉਸ ਵਿਚੋਂ ਹੁਮੇ ਦਾ ਬੱਚਾ ਨਿਕਲ ਕੇ ਉਪਰ ਆਕਾਸ਼ ਵੱਲ ਉਡਣਾ ਸ਼ੁਰੂ ਕਰ ਦਿੰਦਾ ਹੈ।

ਅੰਨਦਪੁਰ ਵਿਚ ਗੁਰ ਸਿਖਾਂ ਨੇ ਗੁਰੂ ਜੀ ਨੂੰ ਬੇਨਤੀ ਕੀਤੀ ਕਿ ਕੀਰਤਨ ਗੁਰਬਾਣੀ ਦਾ ਰਸ ਨਹੀਂ ਆਉਂਦਾ। ਗੁਰੂ ਜੀ ਨੇ ਸ਼ਰਬਤ ਤਿਆਰ ਕਰਕੇ ਸਿੱਖਾਂ ਨੂੰ ਚੂਲੀਆਂ ਕਰਨ ਲਈ ਕਿਹਾ। ਸਿਖਾਂ ਨੇ ਬਚਨ ਮੰਨਿਆ ਸ਼ਰਬਤ ਦੀ ਚੂਲੀਆਂ ਕਰਕੇ ਮੁਕਾ ਦਿੱਤਾ। ਗੁਰੂ ਜੀ ਨੇ ਪੁਛਿਆ ਰੱਸ ਆਇਆ? ਗੁਰ ਸਿੱਖਾਂ ਕਿਹਾ ਗੁਰੂ ਜੀ ਰਸ ਤਾਂ ਛੱਕ ਕੇ ਮਿਲਣਾ ਸੀ, ਚੂਲੀਆਂ ਕਰਕੇ ਰਸ ਤੇ ਠੰਡ ਕਿਵੇਂ ਪੈਂਦੀ? ਗੁਰੂ ਜੀ ਨੇ ਕਿਹਾ ਇਹੋ ਗਲ ਹੈ ਗੁਰਬਾਣੀ ਪੜ੍ਹਦੇ ਹੋ ਗਾਂਉਦੇ ਹੋ ਤੇ ਸੁਣਦੇ ਹੋ ਪਰ ਅੰਦਰ ਹਿਰਦੇ ਵਿਚ ਨਹੀਂ ਵਸਾਂਦੇ ਇਸ ਲਈ ਆਨੰਦ ਰਸ ਨਹੀਂ ਮਿਲਦਾ। ਬਾਣੀ ਪੜ੍ਹਨ ਗਾਉਣ ਸੁਨਣ ਸਮੇਂ ਮਨ ਨਾਲ ਸੁਣਿਆ ਕਰੋ ਤਾਂ "ਸੁਣਿਐ" ਦੀ ਜਪੁ ਪਉੜੀਆਂ ਸਾਰਥਕ ਹੋ ਜਾਣਗੀਆਂ। ਮਨ ਨੂੰ ਸ੍ਰੋਤਾ ਬਣਾਉਣ ਲਈ ਅੰਮ੍ਰਿਤ ਵੇਲੇ ਦਾ ਏਕਾਂਤ ਸਰਬੋਤਮ ਹੈ ਇਸ ਲਈ ਇਸ ਨੂੰ ਬ੍ਰਹਮ ਮਹੂਰਤ ਵੀ ਕਿਹਾ ਜਾਂਦਾ ਹੈ। ਅਜਕਲ ਦੇ ਟੀਵੀ ਤੇ ਮੋਬਾਈਲ ਦੇ ਪ੍ਰਸਾਰ ਨੇ ਇਸ ਅੰਮ੍ਰਿਤ ਵੇਲੇ ਨੂੰ ਸੁਖ ਦੀ ਨੀਂਦਰ ਲੈਣ ਸੋਮਾ ਵੀ ਨਹੀਂ ਛਡਿਆ। ਕਲ ਨਾਮ ਝੂਠ ਕਲੇਸ ਦਾ ਹੈ ਅਤੇ ਮਸ਼ੀਨ ਦਾ ਵੀ ਹੈ ਇਸ ਮਸ਼ੀਨੀ ਯੁਗ (ਕਲਯੁਗ) ਵਿਚ ਕੀਰਤਨ ਵੀ ਮਸ਼ੀਨਾਂ ਨਾਲ ਸੁਣਕੇ ਕਿਸੇ ਸੁਰਤਿ ਉਡਾਰੀ ਦੀ ਆਸ ਯੂਟੋਪੀਆ (ਹਰਿ ਚੰਦਉਰੀ) ਹੀ ਹੈ। ਹਰੇਕ ਗੁਰਸਿੱਖ ਨੂੰ ਆਪ ਹੀ ਆਤਮ ਵਿਵੇਚਨ ਕਰਨਾ ਹੈ ਕਿ ਉਹ ਸਵੈ ਸਕਾਰਥਾ ਲਈ ਕਿੰਨਾ, ਕਿਸ ਤਰਾਂ ਤੇ ਕਿਹੜੇ ਢੰਗ ਨਾਲ ਸਮਾ ਲਗਾਂਦਾ ਹੈ, ਲਗਾ ਸਕਦਾ ਹੈ ਜਾਂ ਲਗਾਣਾ ਚਾਹੀਦਾ ਹੈ।

ਪੰਖੀਆਂ ਦਾ ਚਹਿਕਣਾ ਸਵੇਰੇ ਵੀ ਹੁੰਦਾ ਹੈ ਤੇ ਸ਼ਾਮ (ਰਹਿਰਾਸ) ਦਾ ਕੀਰਤਨ ਵਧੇਰੇ ਜੋਸ਼ ਨਾਲ ਹੁੰਦਾ ਹੈ। ਪੰਖੀਆਂ ਲਈ ਇਹ ਸ਼ਾਮ ਦਾ ਇਹ ਕੀਰਤਨ ਪਰਮੇਸ਼ਰ ਦੇ ਸ਼ੁਕਰਾਨੇ ਲਈ ਹੁੰਦਾ ਹੈ, ਪਰ ਮਨੁੱਖ ਨੇ ਜੀਵਨ ਦੀ

ਸ਼ਾਮ ਬਾਰੇ ਕਿੰਝ ਸੋਚਣਾ ਹੈ ਇਸ ਬਾਰੇ ਵੀ ਗੁਰਪ੍ਰਸਾਦੀ ਗਿਆਨ ਪ੍ਰਤੱਖ ਮਾਰਗ ਦਰਸ਼ਨ ਕਰ ਰਿਹਾ ਹੈ।

*ਬਿਰਖੈ ਹੇਠਿ ਸਭਿ ਜੰਤ ਇਕਠੇ ॥*
*ਇਕਿ ਤਤੇ ਇਕਿ ਬੋਲਨਿ ਮਿਠੇ ॥*
*ਅਸਤੁ ਉਦੋਤੁ ਭਇਆ ਉਠਿ ਚਲੇ*
*ਜਿਉ ਜਿਉ ਅਉਧ ਵਿਹਾਣੀਆਂ।*

ਸੂਰਜ ਅਸਤਾਚਲ ਨੂੰ ਜਾਂਦਾ ਹੈ ਤੇ ਪੰਖੀ ਹੌਲੀ ਹੌਲੀ ਆਪਣੇ ਆਪਣੇ ਘੋਸਲਿਆਂ ਵਿਚ ਦੁਬਕ ਜਾਂਦੇ ਹਨ। ਸੰਗੀਤ ਕੀਰਤਨ ਰੁਕ ਜਾਂਦਾ ਹੈ। ਇਸੇ ਤਰ੍ਹਾਂ ਉਮਰ ਦੀ ਸ਼ਾਮ ਆਉਣ ਤੇ ਮਨੁਖ ਅਜਰਾਈਲ ਫਰਿਸਤੇ ਦੇ ਕਾਬੂ ਵਿਚ ਹੋਂਦੇ ਰਹਿੰਦੇ ਹਨ। ਇਸ ਲਈ ਬਾਬਾ ਫਰੀਦ ਜੀ ਪੰਖੀ ਰੂਪਕ ਨਾਲ ਜੀਵਨ ਸੇਧ ਦਿੰਦੇ ਹਨ

*ਫਰੀਦਾ ਪੰਖ ਪਰਾਹੁਣੀ ਦੁਨੀ ਸੁਹਾਵਾ ਬਾਗ ॥*
*ਨਉਬਤਿ ਵਜੀ ਸੁਬਹ ਸਿਉ*
*ਚਲਣ ਦਾ ਕਰਿ ਸਾਜੁ ॥*

(ਸਿਲੋਕ 79 ਫਰੀਦ 1382)

ਭਗਤ ਕਬੀਰ ਮਨੁਖ ਪੰਖੀ ਦੇ ਜੀਵਨ ਝਲਕੀ ਦਾ ਆਈਨਾ ਦਿਖਾਂਦੇ ਹਨ।

*ਕਬੀਰ ਮਨ ਪੰਖੀ ਭਇਓ*
*ਉਡਿ ਉਡਿ ਦਹਦਿਸ ਜਾਇ ॥*
*ਜੋ ਜੈਸੀ ਸੰਗਤਿ ਮਿਲੈ ਸੋ ਤੈਸੋ ਫਲੁ ਖਾਇ ॥*

(ਸਲੋਕ 86 ਕਬੀਰ 1369)

ਜਿਹੜੇ ਮਨੁਖ ਪੰਖੀਆਂ ਨੇ ਸਵੇਰੇ ਤੇ ਸ਼ਾਮ ਦੇ ਕੀਰਤਨ ਦਾ ਨੇਮ ਪਾਲਿਆ ਹੋਇਆ ਹੁੰਦਾ ਹੈ ਉਹ ਮਾਇਆ ਵਿਚ ਉਦਾਸੀ ਹੋਣਾ ਸ਼ੁਰੂ ਕਰ ਦੇਂਦੇ ਹਨ। ਇਕ ਬੇੜੀ ਦਾ ਸੁਆਰ ਹੀ ਕਿਸੇ ਕਿਨਾਰੇ ਲਗ ਸਕਦਾ ਹੈ। ਮਨੁੱਖੀ ਜੀਵਨ ਆਦਿ (ਜੀਵਨ ਤੋਂ ਪਹਿਲਾਂ) ਅੰਤ (ਜੀਵਨ ਤੋਂ ਬਾਅਦ) ਦੇ ਦੋ ਕਿਨਾਰਿਆਂ ਵਿਚ ਵਸਦਾ ਦਰਿਆ ਹੈ। ਪੰਖੀ ਆਪਣੇ ਬੋਟ ਦੀ ਪਾਲਣਾ ਕਰਦੇ ਹਨ ਪਰ ਜੱਦੋਂ ਬੋਟ ਉਡਣ ਲਾਇਕ ਹੋ ਜਾਂਦਾ ਹੈ ਤਾ ਘੌਂਸਲੇ ਤੋਂ ਬਾਹਿਰ ਕੱਢ ਦੇਂਦੇ ਹਲ ਤੇ ਵਖਰਾ ਆਲ੍ਹਣਾ ਪਾਉਣ ਲਈ ਉਕਸਾਂਦੇ ਹਨ। ਮਨੁਖਾਂ ਦੇ ਪਰਿਵਾਰ ਟੁੱਟਦੇ ਹਨ ਤੇ ਨਾਲ ਹੀ ਮਾਨਸਿਕ ਤਣਾਉ ਤੇ ਬੀਮਾਰੀਆਂ ਦੇ ਦਖਲ ਵੱਧ ਜਾਂਦੇ ਹਨ। ਕੀਰਤਨ ਐਸਾ ਵਸੀਲਾ ਹੈ ਜੋ ਮਾਨਸਿਕ ਵੇਗਾਂ ਤੇ ਵੰਸਾਂ ਤੋਂ ਉਪਜੀਆਂ ਬੀਮਾਰੀਆਂ ਤੋਂ ਮਨੁਖੀ ਚੇਤਨਾ ਨੂੰ ਅਰੋਗੀ ਰਖ ਸਕਦਾ ਹੈ। ਸੰਗੀਤ ਦੀ ਚਾਹਤ ਇਕ ਹਿਰਣ ਨੂੰ ਸ਼ਿਕਾਰ ਬਣਾ ਦੇਂਦੀ ਹੈ ਪਰ ਉਸ ਦੀ ਉਹ ਜੂਨ ਤਾਂ ਮੁੱਕ ਜਾਂਦੀ ਹੈ।

*ਹਰਿ ਦਿਨੁ ਰੈਨਿ ਕੀਰਤਨ ਗਾਈਐ ॥*
*ਬਹੁੜਿ ਨ ਜੋਨੀ ਪਾਈਐ ॥* (ਸੋਰਠਿ ਪੰਜਵਾਂ 624)
*ਕਲਜੁਗ ਮਹਿ ਕੀਰਤਨ ਪਰਧਾਨਾ ॥*
*ਗੁਰਮੁਖਿ ਜਪੀਐ ਲਾਇ ਧਿਆਨਾ ॥*

(ਮਾਰੂ ਪੰਜਵਾ 1075)

ਕੀਰਤਨ ਕੰਨਾਂ ਨਾਲ ਹੀ ਸੁਨਣਾ ਹੈ ਤੇ ਮਨ ਨਾਲੋਂ ਸੁਣਕੇ ਹਿਰਦੇ ਰਾਹੀਂ ਹੀ ਅੰਤਰ ਆਤਮੇ ਪੁਜਦਾ ਹੈ ਜਿਸਦੇ ਲਈ ਹਿਰਦੇ ਦੀ ਧੜਕਣ ਦਾ ਕੀਰਤਨ ਮਈ ਹੋਣਾ ਜ਼ਰੂਰੀ ਹੈ। ਇਸ ਤਰ੍ਹਾਂ ਲੰਬਾਈ-ਚੌੜਾਈ-ਉਚਾਈ ਦੇ ਤਿੰਨ ਆਯਾਮਾਂ (ਪਦਾਂ) ਤੋਂ ਨਿਕਲ ਕੇ ਸੁਰਤਿ ਚੌਥੇ ਆਯਾਮ ਵਿਚ ਪੰਖੀ ਵਾਂਗ ਪੁਜਣਾ ਸ਼ੁਰੂ ਹੋ ਜਾਏ ਤਾਂ ਚੌਥੇ ਪਦ ਦੀ ਪ੍ਰਾਪਤੀ ਕਿਹਾ ਜਾਂਦਾ ਹੈ।

*ਜੇ ਕੋ ਆਪਣੇ ਠਾਕੁਰ ਭਾਵੈ ॥*
*ਕੋਟਿ ਮਧਿ ਏਕ ਕੀਰਤਨੁ ਗਾਵੈ ॥*
*ਸਾਧ ਸੰਗਤਿ ਕੀ ਜਾਵਉ ਟੇਕ ॥*
*ਕਹੁ ਨਾਨਕ ਤਿਸੁ ਕੀਰਤਨ ਏਕ* ॥

(ਰਾਮਕਲੀ ਪੰਜਵਾ 385)

*ਤਰਵਰੁ ਕਾਇਆ ਪੰਖਿ ਮਨੁ ਤਰਵਰਿ ਪੰਖੀ ਪੰਚ ॥*
*ਤਤੁ ਚੁਗਹਿ ਮਿਲਿ ਏਕਸੇ*
*ਤਿਨ ਕਉ ਫਾਸ ਨ ਰੰਚ ॥*

(ਰਾਮਕਲੀ ਪਹਿਲਾ 934)

ਇਸ ਤਰ੍ਹਾਂ ਦਾ ਕੀਰਤਨ ਰਸੀਆ ਹੀ ਸੱਚਾ ਬਿਹੰਗਮੇ (ਪੰਖੀ) ਸਾਧ ਬਣਦਾ ਹੈ।


*162-ਏ, ਗਰੇਨ ਮਾਰਕੀਟ, ਮਧਿਆ ਮਾਰਗ, ਚੰਡੀਗੜ੍ਹ*

**ਗੁਰਸਿੱਖ ਰਿਸ਼ਤਿਆਂ ਲਈ ਸੰਪਰਕ ਕਰੋ**
**ਗੁਰਸਿੱਖ ਸੰਜੋਗ** ਪੰਦਰਾ-ਰੋਜ਼ਾ ਪੱਤਰ
**ਗੁਰਦੁਆਰਾ ਅਕਾਲੀ ਬਾਬਾ ਫੂਲਾ ਸਿੰਘ ਪੂਸਾ ਰੋਡ, ਨਵੀਂ ਦਿੱਲੀ 110 060ਫੋਨ : 25862955**

# ਹਾਰਮੋਨੀਅਮ ਅਤੇ ਭਾਰਤੀ ਸੰਗੀਤ

ਅਮਰਿੰਦਰ ਸਿੰਘ

ਭਾਰਤੀ ਸੰਗੀਤ ਦਾ ਇਤਿਹਾਸ ਬਹੁਤ ਹੀ ਪੁਰਾਤਨ ਅਤੇ ਇਸਦਾ ਸਵਰੂਪ ਅਤਿ ਵਿਸ਼ਾਲ ਹੈ। ਇਸ ਸੰਗੀਤ ਪ੍ਰਣਾਲੀ ਨੇ ਸਮੇਂ ਸਮੇਂ ਤੇ ਵਿਦੇਸ਼ੀ ਸੰਗੀਤ ਦੇ ਵੀ ਅਨੇਕ ਪ੍ਰਭਾਵ ਗ੍ਰਹਿਣ ਕੀਤੇ ਹਨ। ਸਮੇਂ ਸਮੇਂ ਸਿਰ ਹੁੰਦੇ ਰਹੇ ਬਾਹਰੀ ਹਮਲਿਆਂ ਦੇ ਸਿੱਟੇ ਵਜੋਂ ਇਸ ਸੰਗੀਤ 'ਤੇ ਵਿਦੇਸ਼ੀ ਛਾਪ ਪੈਣੀ ਸੁਭਾਵਿਕ ਹੀ ਸੀ। ਵਿਦੇਸ਼ੀ ਸੱਭਿਅਤਾ ਅਤੇ ਸੰਗੀਤ ਦੇ ਨਾਲ ਨਾਲ ਵਿਦੇਸ਼ੀ ਸਾਜ਼ਾਂ ਦਾ ਪ੍ਰਚਾਰ ਵੀ ਭਾਰਤ ਵਿਚ ਹੋਇਆ। ਮੱਧ ਕਾਲ ਦੌਰਾਨ ਮੁਸਲਿਮ ਸਾਮਰਾਜ ਦੀ ਸਥਾਪਨਾ ਹੋਣ ਤੋਂ ਬਾਅਦ ਰਬਾਬ, ਸਿਤਾਰ ਅਤੇ ਤਬਲਾ ਆਦਿ ਸਾਜ਼ਾਂ ਦਾ ਪ੍ਰਚਾਰ ਭਾਰਤੀ ਸੰਗੀਤ ਵਿਚ ਵੱਡੇ ਪੱਧਰ 'ਤੇ ਹੋਇਆ। ਅਠਾਰਵੀਂ ਸਦੀ ਦੇ ਉੱਤਰ ਅਰਧ ਵਿਚ ਅੰਗਰੇਜ਼ਾਂ ਨੇ ਭਾਰਤ ਵਿਚ ਆਪਣੇ ਪੈਰ ਜਮਾਉਣੇ ਸ਼ੁਰੂ ਕੀਤੇ। ਹੌਲੀ ਹੌਲੀ ਭਾਰਤ ਦੇ ਬਹੁਤ ਸਾਰੇ ਹਿੱਸੇ ਅੰਗਰੇਜ਼ਾਂ ਦੇ ਕਬਜ਼ੇ ਵਿਚ ਆ ਗਏ। ਇਸ ਕੌਮ ਨੇ ਵੀ ਭਾਰਤੀ ਸਭਿਅਤਾ ਤੇ ਆਪਣੀ ਗਹਿਰੀ ਛਾਪ ਛੱਡੀ ਹੈ। ਇਸ ਸਮੇਂ ਦੌਰਾਨ ਹੀ ਭਾਰਤ ਵਿਚ ਹਾਰਮੋਨੀਅਮ ਵਰਗੇ ਸਾਜ਼ਾਂ ਦਾ ਪ੍ਰਵੇਸ਼ ਹੋਇਆ। ਅੱਜ ਇਸ ਸਾਜ਼ ਨੂੰ ਭਾਰਤੀ ਸੰਗੀਤ ਦਾ ਅਤਿ ਮਹੱਤਵਪੂਰਨ ਸਾਜ਼ ਹੋਣ ਦਾ ਮਾਣ ਹਾਸਲ ਹੈ। ਸੰਗੀਤ ਦੀ ਕੋਈ ਐਸੀ ਮਹਿਫਿਲ ਨਹੀਂ ਜਿਸ ਦਾ ਆਗਾਜ਼ ਅਤੇ ਅੰਜ਼ਾਮ ਇਸ ਸਾਜ਼ ਦੇ ਪ੍ਰਯੋਗ ਤੋਂ ਬਿਨਾਂ ਨੇਪਰੇ ਚੜ੍ਹ ਸਕੇ। ਸੁਗਮ ਸੰਗੀਤ ਅਤੇ ਫਿਲਮ ਸੰਗੀਤ ਤੋਂ ਲੈ ਕੇ ਸ਼ਾਸਤਰੀ ਸੰਗੀਤ ਤੱਕ ਲਗਭਗ ਸੰਗੀਤ ਦੇ ਹਰ ਰੂਪ ਵਿਚ ਇਸ ਸਾਜ਼ ਦਾ ਪ੍ਰਯੋਗ ਖੁੱਲ ਕੇ ਹੋ ਰਿਹਾ ਹੈ। ਹਾਰਮੋਨੀਅਮ ਦੇ ਭਾਰਤ ਵਿਚ ਸੰਗੀਤਕ ਸਫ਼ਰ ਉਤੇ ਹੋਰ ਵਿਸਥਾਰ ਨਾਲ ਚਰਚਾ ਕਰਨ ਤੋਂ ਪਹਿਲਾਂ ਆਉ ਇਸ ਸਾਜ਼ ਦੇ ਪਿਛੋਕੜ 'ਤੇ ਇਕ ਨਜ਼ਰ ਮਾਰੀਏ।



ਪੱਛਮੀ ਸੰਗੀਤ ਵਿਚ ਮੱਧ ਕਾਲ ਦੌਰਾਨ ਕੀ-ਬੋਰਡ ਵਿਧੀ ਤੇ ਅਧਾਰਿਤ ਕਈ ਸਾਜ਼ਾਂ ਦਾ ਜਨਮ ਹੋਇਆ। ਇਨ੍ਹਾਂ ਸਾਜ਼ਾਂ ਦਾ ਵਾਦਨ ਕੀ-ਬੋਰਡ ਦੀ ਸਹਾਇਤਾ ਨਾਲ ਬਹੁਤ ਹੀ ਸੁਲਭਤਾ ਨਾਲ ਕੀਤਾ ਜਾ ਸਕਦਾ ਸੀ। ਇਹ ਸਾਜ਼ ਬਹੁਤ ਹੀ ਘੱਟ ਸਮੇਂ ਵਿਚ ਬਹੁਤ ਹੀ ਜਲਦੀ ਪ੍ਰਚਾਰ ਵਿਚ ਆ ਗਏ। ਹਾਰਮੋਨੀਅਮ ਵੀ ਇਨ੍ਹਾਂ ਸਾਜ਼ਾਂ ਦਾ ਹੀ ਵਿਕਸਿਤ ਰੂਪ ਹੈ। ਇਸ ਸਾਜ਼ ਦਾ ਆਵਿਸ਼ਕਾਰ ਫਰਾਂਸ ਦੇ 'ਅਲੈਗਜੈਂਡਰ ਡੈਬੀਅਨ' ਨੇ 1840 ਈ. ਵਿਚ ਕੀਤਾ। ਉਸ ਸਮੇਂ ਇਸ ਦੀ ਬਣਤਰ ਮੌਜੂਦਾ ਭਾਰਤੀ ਹਾਰਮੋਨੀਅਮ ਤੋਂ ਕੁਝ ਵੱਖਰੀ ਸੀ। ਪਹਿਲਾਂ ਪਹਿਲ ਇਸ ਦੀ ਧੌਂਕਣੀ ਪੈਰਾਂ ਵਿਚ ਹੁੰਦੀ ਸੀ, ਜਿਸ ਨੂੰ ਕੁਰਸੀ ਆਦਿ 'ਤੇ ਬੈਠ ਕੇ ਵਜਾਇਆ ਜਾਂਦਾ ਸੀ। ਸਧਾਰਣ ਕੀ-ਬੋਰਡ, ਸਰਲ ਵਾਦਨ ਵਿਧੀ ਅਤੇ ਸਾਜ਼ ਨੂੰ ਸੁਰ ਕਰਨ ਤੋਂ ਮੁਕਤੀ ਆਦਿ ਸਹੂਲਤਾਂ ਨੇ ਇਸ ਦੇ ਪ੍ਰਚਾਰ ਵਿਚ ਚੋਖਾ ਵਾਧਾ ਕੀਤਾ।

ਬ੍ਰਿਟਿਸ਼-ਰਾਜ ਦੀ ਸਥਾਪਨਾ ਸਮੇਂ ਭਾਰਤੀ ਜਨਤਾ ਦੇ ਮਨੋਰੰਜਨ ਦੇ ਮੁੱਖ ਸਾਧਨ, ਨਾਟਕ, ਰਾਮਲੀਲਾ, ਰਾਸਲੀਲਾ ਅਤੇ ਨੌਟੰਕੀ ਆਦਿ ਸਨ। ਨਾਟਕਾਂ ਦਾ ਪ੍ਰਦਰਸ਼ਣ ਕਰਨ ਵਾਲੀਆਂ ਨਾਟਕ ਮੰਡਲੀਆਂ ਦਾ

ਮੁੱਖ ਮੰਤਵ ਵੀ ਜਨ ਸਧਾਰਣ ਦਾ ਮਨੋਰੰਜਨ ਕਰਨਾ ਸੀ। ਇਸ ਉਦੇਸ਼ ਦੀ ਪੂਰਤੀ ਲਈ ਇਹ ਮੰਡਲੀਆਂ ਵੱਖ ਵੱਖ ਸਥਾਨਾਂ 'ਤੇ ਜਾ ਕੇ ਆਪਣੀ ਕਲਾ ਦਾ ਪ੍ਰਦਰਸ਼ਣ ਕਰਦੀਆਂ ਸਨ। ਹਾਰਮੋਨੀਅਮ ਦਾ ਪ੍ਰਯੋਗ ਵੀ ਸਭ ਤੋਂ ਪਹਿਲਾਂ ਇਨ੍ਹਾਂ ਮੰਡਲੀਆਂ ਨੇ ਹੀ ਕਰਨਾ ਆਰੰਭ ਕੀਤਾ। ਇਸ ਤੋਂ ਪਹਿਲਾਂ ਇਹ ਮੰਡਲੀਆਂ ਜ਼ਿਆਦਾਤਰ ਸਾਰੰਗੀ, ਕਲਾਰਨੈਟ ਅਤੇ ਚੰਗ ਆਦਿ ਸਾਜ਼ਾਂ ਨੂੰ ਵਰਤੋਂ ਵਿਚ ਲਿਆਉਂਦੀਆਂ ਸਨ। ਸੰਨ 1982 ਵਿਚ 'ਸੰਗੀਤ ਸ਼ੰਕੁਨਤਲ' ਨਾਟਕ ਵਿਚ ਪਹਿਲੀ ਵਾਰ ਹਾਰਮੋਨੀਅਮ ਦਾ ਪ੍ਰਯੋਗ ਕੀਤਾ ਗਿਆ। ਦਾਦਾ ਮੌਡਕ ਇਸ ਦੇ ਸਭ ਤੋਂ ਪਹਿਲੇ ਵਾਦਕ ਵਜੋਂ ਜਾਣੇ ਜਾਂਦੇ ਹਨ। ਇਸ ਤੋਂ ਬਾਅਦ ਤਕਰੀਬਨ ਹਰ ਨਾਟਕ ਵਿਚ ਹਾਰਮੋਨੀਅਮ ਦਾ ਪ੍ਰਯੋਗ ਇਕ ਸੰਗਤੀ ਸਾਜ਼ ਦੇ ਰੂਪ ਵਿਚ ਹੋਣਾ ਆਰੰਭ ਹੋ ਗਿਆ। ਇਨ੍ਹਾਂ ਮੰਡਲੀਆਂ ਨੇ ਹੀ ਹਾਰਮੋਨੀਅਮ ਦੇ ਪ੍ਰਚਾਰ ਦੇ ਰਾਹ ਨੂੰ ਪੱਧਰਾ ਕੀਤਾ।

ਭਾਰਤ ਵਿਚ ਫਿਲਮ ਯੁੱਗ ਦਾ ਆਰੰਭ ਇਨ੍ਹਾਂ ਨਾਟਕਾਂ ਤੋਂ ਬਾਅਦ ਹੋਇਆ। ਦੇਖਿਆ ਜਾਵੇ ਤਾਂ ਇਨ੍ਹਾਂ ਫਿਲਮਾਂ ਦਾ ਆਰੰਭ ਵੀ ਇਨ੍ਹਾਂ ਮੰਡਲੀਆਂ ਦੇ ਨਿਰਮਾਤਾ ਅਤੇ ਨਿਰਦੇਸ਼ਕਾਂ ਨੇ ਹੀ ਕੀਤਾ। ਸ਼ੁਰੂ ਸ਼ੁਰੂ ਵਿਚ ਇਹ ਫਿਲਮਾਂ ਮੌਨ ਹੁੰਦੀਆਂ ਸਨ ਅਤੇ ਇਨ੍ਹਾਂ ਵਿਚ ਸੰਗੀਤ ਵੀ ਨਹੀਂ ਹੁੰਦਾ ਸੀ। ਸਮਾਂ ਪਾ ਕੇ ਇਨ੍ਹਾਂ ਵਿਚ ਸੰਗੀਤ ਦਾ ਪ੍ਰਯੋਗ ਹੋਣਾ ਵੀ ਆਰੰਭ ਹੋ ਗਿਆ। 1931 ਈ. ਵਿਚ ਪਹਿਲੀ ਬੋਲਦੀ ਹਿੰਦੀ ਫਿਲਮ ਆਲਮ ਆਰਾ ਦਾ ਪ੍ਰਦਰਸ਼ਣ ਬੰਬਈ ਦੇ ਮੈਜਿਸਟਿਕ ਸਿਨੇਮਾ ਹਾਲ ਵਿਚ ਹੋਇਆ। ਇਸ ਫਿਲਮ ਦੇ ਸੰਗੀਤ ਵਿਚ ਹਾਰਮੋਨੀਅਮ ਵਾਇਲਨ ਅਤੇ ਤਬਲੇ ਦਾ ਪ੍ਰਯੋਗ ਕੀਤਾ ਗਿਆ ਸੀ। ਇਹ ਫਿਲਮ ਪੂਰੀ ਤਰ੍ਹਾਂ ਸਫ਼ਲ ਸਾਬਿਤ ਹੋਈ। ਉਸ ਸਮੇਂ ਤੋਂ ਲੈ ਕੇ ਹੁਣ ਤੱਕ ਹਾਰਮੋਨੀਅਮ ਦਾ ਪ੍ਰਯੋਗ ਇਸ ਖੇਤਰ ਵਿਚ ਕਿਸੇ ਨਾ ਕਿਸੇ ਤਰੀਕੇ ਨਾਲ ਨਿਰੰਤਰ ਜਾਰੀ ਹੈ।

ਅਰਧ ਸ਼ਾਸਤਰੀ ਸੰਗੀਤ ਦੀ ਸ਼ੈਲੀ ਠੁਮਰੀ ਨਾਲ ਹਾਰਮੋਨੀਅਮ ਦਾ ਪ੍ਰਯੋਗ ਵੀ ਇਸੇ ਤਰੀਕੇ ਨਾਲ ਹੀ ਆਰੰਭ ਹੋਇਆ। ਇਸ ਪਿੱਛੇ ਇਕ ਸਮਾਜਕ ਕਾਰਨ ਇਹ ਵੀ ਮੰਨਿਆ ਜਾਂਦਾ ਹੈ ਕਿ ਠੁਮਰੀ ਗਾਇਨ ਨੂੰ ਸ਼ਾਸਤਰੀ ਸੰਗੀਤਕਾਰ ਨਿਮਨਕੋਟੀ ਦਾ ਸਮਝਦੇ ਸਨ। ਦੂਜੇ ਪਾਸੇ ਹਾਰਮੋਨੀਅਮ ਨੂੰ ਵੀ ਇਹ ਕੋਈ ਚੰਗੀ ਨਜ਼ਰ ਨਾਲ ਨਹੀਂ ਦੇਖਦੇ ਸਨ। ਸਿੱਟੇ ਵਜੋਂ ਠੁਮਰੀ ਅਤੇ ਹਾਰਮੋਨੀਅਮ ਵਿਚ ਆਪਸੀ ਸਾਂਝ ਪੈਣ ਵਿਚ ਕੋਈ ਬਹੁਤਾ ਸਮਾਂ ਨਹੀਂ ਲੱਗਿਆ। ਹਾਰਮੋਨੀਅਮ ਦੇ ਭਾਰਤ ਵਿਚ ਆਉਣ ਤੋਂ ਪਹਿਲਾਂ ਠੁਮਰੀ ਨਾਲ ਸਾਰੰਗੀ ਦੀ ਹੀ ਸੰਗਤ ਕੀਤੀ ਜਾਂਦੀ ਸੀ। ਸਾਰੰਗੀ ਦਾ ਵਾਦਨ ਸਾਲਾਂ ਬੱਧੀ ਰਿਆਜ਼ ਅਤੇ ਮਿਹਨਤ ਤੋਂ ਬਾਅਦ ਹੀ ਕੀਤਾ ਜਾ ਸਕਦਾ ਹੈ। ਇਸ ਦੇ ਉਲਟ ਹਾਰਮੋਨੀਅਮ ਦਾ ਸਧਾਰਨ ਕੀ-ਬੋਰਡ ਅਤੇ ਸੁਰ ਕਰਨ ਤੋਂ ਮੁਕਤੀ ਆਦਿ ਗੁਣ ਇਸ ਦੀ ਵਾਦਨ-ਪ੍ਰਕਿਰਿਆ ਨੂੰ ਹੋਰ ਆਸਾਨ ਬਣਾ ਦਿੰਦੇ ਹਨ। ਇਨ੍ਹਾਂ ਗੁਣਾਂ ਵੱਲ ਵਾਦਕਾਂ ਦਾ ਆਕਰਸ਼ਣ ਵਧਿਆ ਅਤੇ ਸਿੱਟੇ ਦੇ ਰੂਪ ਵਿਚ ਠੁਮਰੀ ਗਾਇਨ ਨਾਲ ਹਾਰਮੋਨੀਅਮ ਦੀ ਸੰਗਤ ਦੀ ਰਿਵਾਇਤ ਚੱਲ ਪਈ।

ਸਮਾਂ ਪੈਣ ਤੇ ਸਾਰੰਗੀ ਦਾ ਸਥਾਨ ਹਾਰਮੋਨੀਅਮ ਨੇ ਲੈ ਲਿਆ। ਹਾਰਮੋਨੀਅਮ ਦੇ ਆਉਣ ਨਾਲ ਸਾਰੰਗੀ ਦੀ ਵਾਦਨ ਸ਼ੈਲੀ ਕੁਝ ਜਟਿਲ ਮਹਿਸੂਸ ਹੋਣ ਲੱਗੀ, ਜਿਸ ਕਾਰਨ, ਸਾਰੰਗੀ ਵਾਦਕਾਂ ਦੀ ਗਿਣਤੀ ਘਟਣ ਲੱਗੀ। ਜ਼ਿਆਦਾਤਰ ਵਾਦਕ ਹਾਰਮੋਨੀਅਮ ਵੱਲ ਆਕਰਸ਼ਿਤ ਹੋਣ ਲੱਗੇ। ਇਥੇ ਇਹ ਵੀ ਜ਼ਿਕਰਯੋਗ ਹੈ ਕਿ ਉਸ ਸਮੇਂ ਹਾਰਮੋਨੀਅਮ ਦੀ ਬਣਤਰ ਆਪਣੇ ਪੱਛਮੀ ਪ੍ਰਤੀਰੂਪਾਂ ਦੇ ਸਮਾਨ ਸੀ। ਇਸ ਨੂੰ ਕੁਰਸੀ ਆਦਿ 'ਤੇ ਬੈਠ ਕੇ ਪੈਰਾਂ ਦੁਆਰਾ ਹੀ ਵਜਾਇਆ ਜਾਂਦਾ ਸੀ। ਆਰੰਭ ਤੋਂ ਹੀ ਸ਼ਾਸਤਰੀ ਸੰਗੀਤ ਦੇ ਸੰਗਤਕਾਰ ਰੰਗਮੰਚ ਤੇ ਬੈਠ ਕੇ ਸੰਗਤ ਕਰਦੇ ਹਨ। ਇਸ ਪਰਿਸਥਿਤੀ ਵਿਚ ਹਾਰਮੋਨੀਅਮ ਦਾ ਵਾਦਨ ਕੁਰਸੀ 'ਤੇ ਬੈਠ ਕੇ ਕਰਨਾ, ਕੁਝ ਅਜੀਬ ਲੱਗਦਾ ਸੀ। ਉਪਰੰਤ ਇਸ ਦੀ ਬਣਤਰ ਵਿਚ ਕੁਝ ਫੇਰ ਬਦਲ ਕੀਤੀ ਗਈ। ਇਸ ਦੀ ਧੌਂਕਣੀ ਪੈਰਾਂ ਵਿਚੋਂ ਹਟਾ ਕੇ ਕੀ ਬੋਰਡ ਦੇ ਪਿੱਛੇ ਸਥਿਤ ਕੀਤੀ ਗਈ। ਇਸ ਤਰ੍ਹਾਂ ਇਸ ਦੀ ਬਣਤਰ ਵੀ ਕੁਝ ਸਿਮਟ ਗਈ। ਹੁਣ ਇਸ ਦਾ ਵਾਦਨ ਰੰਗਮੰਚ 'ਤੇ ਬੈਠ ਕੇ ਕੀਤਾ ਜਾ ਸਕਦਾ ਸੀ। ਅਰੰਭ ਵਿਚ ਕਈ ਸ਼ਾਸਤਰੀ ਸੰਗੀਤ ਦੇ ਗਾਇਕ

ਹਾਰਮੋਨੀਅਮ ਨੂੰ ਭਾਰਤੀ ਸੰਗੀਤ ਦੀ ਸੰਗਤ ਲਈ ਬੇ ਸੁਰਾ ਘੋਸ਼ਿਤ ਕਰਦੇ ਸਨ। ਅਸਲ ਵਿਚ ਹਾਰਮੋਨੀਅਮ ਸ਼ਾਸਤਰੀ ਸੰਗੀਤ ਦੇ ਸਵਰੂਪ ਨੂੰ ਪੂਰੀ ਤਰ੍ਹਾਂ ਉਜਾਗਰ ਕਰਨ ਵਿਚ ਅਸਮਰੱਥ ਹੈ। ਹਾਰਮੋਨੀਅਮ ਵਿਚਲੇ ਹਰੇਕ ਸੁਰ ਦੀ ਆਪਸੀ ਦੂਰੀ ਬਰਾਬਰ ਹੁੰਦੀ ਹੈ। ਦੂਜੇ ਪਾਸ ਭਾਰਤੀ ਰਾਗ ਸੰਗੀਤ ਵਿਚ ਲੱਗਣ ਵਾਲੇ ਹਰੇਕ ਸੁਰ ਦੀ ਸਥਿਤੀ ਹਰੇਕ ਰਾਗ ਮੁਤਾਬਕ ਬਦਲਦੀ ਰਹਿੰਦੀ ਹੈ। ਸਿੱਟੇ ਵਜੋਂ ਸੁਰੀਲੇ ਕੰਨਾਂ ਨੂੰ ਇਸ ਦੀ ਸੰਗਤ ਬੇ ਬੁਰੀ ਪ੍ਰਤੀਤ ਹੁੰਦੀ ਹੈ। ਫਿਰ ਵੀ ਇਸ ਸਾਜ਼ ਦਾ ਪ੍ਰਯੋਗ ਸ਼ਾਸਤਰੀ ਸੰਗੀਤ, ਧਾਰਮਿਕ ਸੰਗੀਤ, ਸੁਗਮ ਸੰਗੀਤ ਅਤੇ ਐਥੋਂ ਤੱਕ ਕਿ ਕਦੇ ਕਦੇ ਲੋਕ ਸੰਗੀਤ ਵਿਚ ਵੀ ਖੁੱਲ੍ਹ ਕੇ ਕੀਤਾ ਜਾ ਰਿਹਾ ਹੈ। ਜੇਕਰ ਗ਼ਜ਼ਲ ਗਾਇਨ ਸ਼ੈਲੀ ਦੀ ਗੱਲ ਕਰੀਏ ਤਾਂ ਹਾਰਮੋਨੀਅਮ ਨੇ ਇਸ ਖੇਤਰ ਵਿਚ ਵੀ ਆਪਣੀ ਮੁਕੰਮਲ ਥਾਂ ਬਣਾਈ ਹੈ। ਗ਼ਜ਼ਲ ਗਾਇਕੀ ਦੇ ਤ੍ਰਿਮੂਰਤੀ ਮਹਿੰਦੀ ਹਸਨ, ਗੁਲਾਮ ਅਲੀ ਅਤੇ ਜਗਜੀਤ ਸਿੰਘ ਵਰਗੇ ਸਫ਼ਲ ਗਾਇਕਾਂ ਦੇ ਸੰਗੀਤਕ ਸਫ਼ਰ ਦਾ ਹਮਸਫ਼ਰ ਵੀ ਇਹ ਹਾਰਮੋਨੀਅਮ ਹੀ ਰਿਹਾ ਹੈ। ਇਸ ਸਾਜ਼ ਦੇ ਭਾਰਤ ਦੇ ਆਗਮਨ ਨੂੰ ਲਗਭਗ ਇਕ ਸਦੀ ਤੋਂ ਵੱਧ ਸਮਾਂ ਬੀਤ ਚੁੱਕਾ ਹੈ। ਇਸ ਸਮੇਂ ਦੌਰਾਨ ਇਸ ਨੇ ਆਪਣੀਆਂ ਜੜ੍ਹਾਂ ਸਾਡੇ ਸੰਗੀਤ ਵਿਚ ਬਹੁਤ ਪੱਕੇ ਰੂਪ ਵਿਚ ਜਮਾ ਲਈਆਂ ਹਨ। ਇਨਾ ਉਜਵਲ ਭਵਿੱਖ ਅਤੇ ਸ਼ਾਨਦਾਰ ਵਰਤਮਾਨ ਨਾ ਕਿਸੇ ਹੋਰ ਸਾਜ਼ ਦਾ ਹੈ ਅਤੇ ਨਾ ਹੀ ਹੋ ਸਕਦਾ ਹੈ।

ਇਸ ਬਹੁਤ ਤਕਨੀਕੀ ਯੁੱਗ ਵਿਚ ਹਾਰਮੋਨੀਅਮ ਦਾ ਵੀ ਆਤਿ ਵਿਕਸਿਤ ਅਤੇ ਉੱਚ ਪੱਧਰੀ ਰੂਪ ਕੀ ਬੋਰਡ ਸਾਜ਼ ਦੇ ਰੂਪ ਵਿਚ ਸਾਹਮਣੇ ਆਇਆ ਹੈ। ਉਚ ਤਕਨੀਕ ਪ੍ਰਧਾਨ ਹੋਣ ਕਾਰਨ ਹੀ ਇਸ ਸਾਜ਼ ਦੀ ਸਮ੍ਰਿਤੀ ਵਿਚ ਤਕਰੀਬਨ ਹਰੇਕ ਸਾਜ਼ ਦੀ ਨਕਲ ਨੂੰ ਵਜਾਉਣ ਦੀ ਸੁਵਿਧਾ ਹੁੰਦੀ ਹੈ। ਇਸ ਤੋਂ ਇਲਾਵਾ ਇਸ ਤੋਂ ਵਜਾਈ ਗਈ ਹਰੇਕ ਧੁਨ ਜਾਂ ਪੈਟਰਨ ਨੂੰ ਇਸ ਵਿਚ ਹੀ ਸਟੋਰ ਕੀਤਾ ਜਾ ਸਕਦਾ ਹੈ। ਇਸ ਸਾਜ਼ ਦੇ ਸੰਗੀਤ ਨੂੰ ਇਕ ਨਵੀਂ ਦਿਸ਼ਾ ਪ੍ਰਦਾਨ ਕੀਤੀ ਹੈ। ਇਥੇ ਇਹ ਗੱਲ ਵੀ ਯਾਦ ਰੱਖਣਯੋਗ ਹੈ ਕਿ ਹਾਰਮੋਨੀਅਮ ਨੇ ਹੀ ਕੀ ਬੋਰਡ ਦੇ ਪ੍ਰਚਾਰ ਦੇ ਰਾਹ ਨੂੰ ਪੱਧਰਾ ਕੀਤਾ ਹੈ ਅਤੇ ਇਸ ਦੇ ਭਵਿੱਖ ਨੂੰ ਉਜਵਲ ਬਣਾਇਆ ਹੈ।

*ਖੋਜਾਰਥੀ, ਸੰਗੀਤ ਵਿਭਾਗ,*
*ਪੰਜਾਬੀ ਯੂਨੀਵਰਸਿਟੀ, ਪਟਿਆਲਾ*

**Communication Centre**
**Formal Restaurants**
**Exhibition Rooms**
**Accommodation**
**Informal Eating**
**Tours & Travels**
**Conferencing**
**Floral Shop**

**Premium Event Centre**
**Millennium Centre**
**Deliberations**
**Abhinandan**
**Exporama**
**Mind Set**
**Art Craft**

THE AROMA

**Sector: 22 - C, Chandigarh,**
**Ph.:** 2700045-48 **Fax :** 0172-2700051
**E-mail :** hotelaroma@glide.net.in
**Website :** www.hotelaroma.com

# ਰਾਗੁ ਬਿਲਾਵਲੁ

ਪ੍ਰੋ: ਕਰਤਾਰ ਸਿੰਘ

ਮੱਧ ਕਾਲ ਦੇ ਗ੍ਰੰਥਕਾਰਾਂ ਨੇ ਰਾਗ ਬਿਲਾਵਲ ਦੇ ਇਸ ਪ੍ਰਕਾਰ ਵਰਨਣ ਦਿੱਤਾ ਹੈ। ਲੋਚਨ ਪੰਡਿਤ ਨੇ ਰਾਗ ਤਰੰਗਣੀ 15ਵੀਂ ਸ਼ਤਾਬਦੀ ਵਿਚ 12 ਥਾਟਾਂ ਤੋਂ 75 ਜਨਯ ਰਾਗਾਂ ਦਾ ਵਰਗੀਕਰਣ ਕੀਤਾ ਹੈ ਤੇ ਦੀਪਕ ਥਾਟ ਤੋਂ ਬਿਲਾਵਲ ਨੂੰ ਜਨਯ ਰਾਗ ਮੰਨਿਆ ਹੈ। ਪੁੰਡਰੀਕ ਵਿਠੁਲ ਨੇ ਆਪਣੇ ਗ੍ਰੰਥ ਚੰਦ੍ਰੋਦਯ 16ਵੀਂ ਸ਼ਤਾਬਦੀ ਵਿਚ 19 ਮੇਲ ਮੰਨੇ ਹਨ ਤੇ ਕੇਦਾਰ ਮੇਲ ਤੋਂ ਬੇਲਾਵਲੀ ਨੂੰ ਜਨਯ ਰਾਗ ਮੰਨਿਆ ਹੈ। ਇਹਨਾਂ ਨੇ ਹੀ ਰਾਗ ਮਾਲਾ ਵਿਚ ਰਾਗ-ਰਾਗਣੀ ਵਰਗੀਕਰਣ ਦੇ ਸਿੱਧਾਂਤ ਨੂੰ ਮੰਨਦਿਆਂ ਹੋਇਆਂ ਰਾਗ ਨਟਨਾਰਾਯਣ ਦੀ ਬਿਲਾਵਲੀ ਨੂੰ ਰਾਗਣੀ ਮੰਨਿਆ ਹੈ ਤੇ ਰਾਗ ਮੰਜਰੀ ਵਿਚ 20 ਮੇਲ ਮੰਨਦਿਆਂ ਹੋਇਆਂ ਕੇਦਾਰ ਮੇਲ ਤੋਂ ਬੇਲਾਵਲੀ ਨੂੰ ਜਨਯ ਰਾਗ ਮੰਨਿਆ ਹੈ। ਸ੍ਰੀਕੰਠ ਨੇ ਰਸ ਕੌਮੁਦੀ ਵਿਚ 9 ਮੇਲ ਮੰਨਦਿਆਂ ਹੋਇਆਂ ਕੇਦਾਰ ਮੇਲ ਤੋਂ ਬੇਲਾਵਲੀ ਨੂੰ ਜਨਯ ਜਨਕ ਰਾਗ ਮੰਨਿਆ ਹੈ। ਇਹਨਾਂ ਤੋਂ ਬਾਅਦ ਭਾਵਭੱਟ ਨੇ ਅਨੂਪ ਵਿਲਾਸ ਵਿਚ ਲਗਭਗ 70 ਰਾਗਾਂ ਦੀ ਚਰਚਾ ਕੀਤੀ ਹੈ ਤੇ ਬੇਲਾਵਲੀ ਰਾਗ ਦਾ ਵੀ ਵਰਨਣ ਕੀਤਾ ਹੈ। ਰਾਮਾ ਮਾਤਯ ਨੇ ਸਵਰਮੇਲਕਲਾਨਿਧੀ 16ਵੀਂ ਸ਼ਤਾਬਦੀ ਵਿਚ 20 ਮੇਲ ਮੰਨਦਿਆਂ ਹੋਇਆਂ ਉਹਨਾਂ ਤੋਂ 63 ਜਨਯ ਰਾਗਾਂ ਦੀ ਉਤਪਤੀ ਮੰਨੀ ਹੈ ਤੇ ਸ੍ਰੀ ਮੇਲ ਤੋਂ ਵੇਲਾਵਲੀ ਨੂੰ ਜਨਯ ਰਾਗ ਮੰਨਿਆ ਹੈ। ਪੰਡਿਤ ਸੋਮਨਾਥ ਨੂੰ ਰਾਗ ਵਿਬੋਧ 1610 ਈਸਵੀ ਵਿਚ 23 ਮੇਲ ਮੰਨਦਿਆਂ ਹੋਇਆਂ ਮਲਾਰੀ ਮੇਲ ਤੋਂ ਵੇਲਾਵਲੀ ਨੂੰ ਜਨਯ ਰਾਗ ਮੰਨਿਆ ਹੈ। ਪੰਡਿਤ ਵਿਅਕੰਟਮੁਖੀ ਨੇ ਚਤੁਰਦੰਡਪ੍ਰਕਾਸ਼ਿਕਾ 1670 ਈਸਵੀ ਵਿਚ 19 ਮੇਲ ਮੰਨਦਿਆਂ ਹੋਇਆਂ ਸ੍ਰੀ ਰਾਗ ਜਨਯ ਮੇਲ ਤੋਂ ਵੇਲਾਵਲੀ ਨੂੰ ਜਨਯ ਰਾਗ ਮੰਨਿਆ ਹੈ। ਮਹਾਰਾਜਾ ਤੁਲਾਜੀਰਾਵ ਭੌਂਸਲੇ ਨੇ ਆਪਣੇ ਗ੍ਰੰਥ ਸੰਗੀਤ

ਰਗ ਬਿਲਾਵਲ ਦਾ ਵਰਨਣ ਕੁਝ ਸੰਗੀਤ ਗ੍ਰੰਥਾਂ ਵਿਚ ਇਸ ਪ੍ਰਕਾਰ ਮਿਲਦਾ ਹੈ। ਪੰਡਿਤ ਅੱਪਾ ਤੁਲਸੀ ਦੁਆਰਾ ਰਚਿਤ ਰਾਗ ਕਲਪਦੁਰਮਾਂਕੁਰੇ ਅਨੁਸਾਰ ਰਾਗ ਬਿਲਾਵਲ ਵਿਚ ਹਮੇਸ਼ਾਂ ਸੁਰ ਸ਼ੁੱਧ ਹੁੰਦੇ ਹਨ। ਇਸ ਵਿਚ ਸ ਨੂੰ ਗ੍ਰਹਿ ਤੇ ਨਿਆਸ ਮੰਨਿਆ ਗਿਆ ਹੈ। ਇਸ ਵਿਚ ਧ ਵਾਦੀ ਤੇ ਗ ਸੰਵਾਦੀ ਸੁਰ ਹੈ। ਇਸ ਰਾਗ ਦੀ ਪ੍ਰਕ੍ਰਿਤੀ ਸੁੰਦਰ ਹੈ। ਇਹ ਕਲਿਯਾਣ ਅੰਗ ਧਾਰਨ ਕਰਨ ਵਾਲਾ ਜਾਂ ਕਲਿਯਾਣ ਸਮਾਨ ਦਿਖਾਈ ਦੇਣ ਵਾਲਾ ਰਾਗ ਹੈ। ਇਸ ਵਿਚ ਗ ਤੇ ਨ ਵਕਰ ਸੁਰ ਹਨ ਜਿਸ ਦੇ ਦਿਖਾਉਣ ਨਾਲ ਰਾਗ ਭਲੀਭਾਂਤ ਸ਼ੋਭਦਾ ਹੈ। ਇਹ ਰਾਗ ਸਵੇਰੇ ਗਾਇਆ ਜਾਂਦਾ ਹੈ। ਇਸ ਨੂੰ ਪੂਰਨ ਰੂਪ ਵਿਚ ਸੁਣ ਕੇ ਹਿਰਦੇ ਨੂੰ ਆਨੰਦ ਆਉਂਦਾ ਹੈ। ਪੰਡਿਤ ਜੀ ਦੁਆਰਾ ਹੀ ਰਚਿਤ ਰਾਗ ਚੰਦ੍ਰਿਕਾ ਅਨੁਸਾਰ ਬਿਲਾਵਲ ਰਾਗ ਵਿਚ ਸਭ ਸ਼ੁੱਧ ਸੁਰ ਹੁੰਦੇ ਹਨ। ਇਸ ਵਿਚ ਧ ਵਾਦੀ ਤੇ ਗ ਸੰਵਾਦੀ ਸੁਰ ਹੁੰਦਾ ਹੈ। ਇਸ ਵਿਚ ਗ ਤੇ ਨ ਦੋਵੇਂ ਵਕਰ ਸੁਰ ਹਨ। ਇਹ ਰਾਗ ਸਵੇਰ ਵੇਲੇ ਗਾਇਆ ਜਾਂਦਾ ਹੈ। ਪੰਡਿਤ ਅੱਪਾ ਤੁਲਸੀ ਦੁਆਰਾ ਹੀ ਰਚਿਤ ਰਾਗ ਚੰਦ੍ਰਿਕਾਸਾਰ ਅਨੁਸਾਰ ਮ੍ਰਦ ਮਧਿਅਮ ਤੀਵਰ ਸਬਹੀ ਸੁਰ ਸੋਹਤ ਜੇਹੀ ਮਾਹਿ। ਧ ਗ ਵਾਦੀ ਸੰਵਾਦੀ ਹੈ ਕਹਤ ਬਿਲਾਵਲ ਤਾਹਿ ॥ ਜਿਸ ਰਾਗ ਵਿਚ ਮ ਕੋਮਲ ਤੇ ਬਾਕੀ ਸਭ ਤੀਵਰ ਸੁਰ ਪ੍ਰਯੋਗ ਹੁੰਦੇ ਹਨ ਤੇ ਜਿਸ ਵਿਚ ਧ ਵਾਦੀ ਹੈ ਤੇ ਗ ਸੰਵਾਦੀ ਸੁਰ ਹੁੰਦਾ ਹੈ ਉਸ ਨੂੰ ਬਿਲਾਵਲ ਰਾਗ ਆਖਦੇ ਹਨ। ਪੰਡਿਤ ਭਾਤਖੰਡੇ ਦੁਆਰਾ ਰਚਿਤ ਅਭਿਨਵ ਰਾਗ ਮੰਜਰੀ ਅਨੁਸਾਰ ਸ ਰ ਗ ਮ, ਪ ਧ, ਨ ਸ, ਨ ਧ, ਪ ਮ, ਗ ਮ ਰ ਸ। ਇਸ ਪ੍ਰਕਾਰ ਬਿਲਾਵਲ ਰਾਗ ਹੁੰਦਾ ਹੈ ਇਸ ਵਿਚ ਧ ਵਾਦੀ ਸੁਰ ਹੁੰਦਾ ਹੈ। ਇਹ ਸਵੇਰ ਵੇਲੇ ਗਾਇਆ ਜਾਂਦਾ ਹੈ ਅਤੇ ਬੜਾ ਸੁੰਦਰ ਲਗਦਾ ਹੈ।

ਸਾਰਾਮ੍ਰਿਤ 1783 ਈਸਵੀ ਵਿਚ 10 ਜਨਕ ਮੇਲ ਮੰਨਦਿਆਂ ਹੋਇਆਂ ਵੇਲਾਵਲੀ ਮੇਲ ਤੋਂ ਵੇਲਾਵਲੀ ਨੂੰ ਜਨਯ ਰਾਗ ਮੰਨਿਆ ਹੈ।

ਕੁਝ ਵਿਦਵਾਨਾਂ ਦਾ ਵਿਚਾਰ ਹੈ ਕਿ ਸੰਗੀਤ ਪਾਰਜਾਤ ਦੇ ਕਰਤਾ ਪੰਡਿਤ ਅਹੋਬਲ ਨੇ 1615 ਈਸਵੀ ਦੇ ਲਗਭਗ ਰਾਗ ਬਿਲਾਵਲ ਦਾ ਨਿਰਮਾਣ ਕੀਤਾ ਪਰ ਹੋਰ ਵਿਦਵਾਨ ਇਸ ਵਿਚਾਰ ਨਾਲ ਅਸਹਮਿਤ ਸਨ। ਉਹਨਾਂ ਦਾ ਵਿਚਾਰ ਹੈ ਕਿ ਆਹੋਬਲ ਤੋਂ ਪਹਿਲਾਂ ਹੀ ਬਿਲਾਵਲ ਠਾਠ ਸ਼ੁੱਧ ਮੇਲ ਦੇ ਰੂਪ ਵਿਚ ਪ੍ਰਚਾਰ ਵਿਚ ਸੀ ਕਿਉਂ ਜੋ ਯੂਨਾਨੀ ਪਾਇਥਾ ਗੋਰਸ ਗ੍ਰਾਮ ਤੇ ਅਰਬੀ ਫਾਰਸੀ ਗ੍ਰਾਮ ਵੀ ਆਧੁਨਿਕ ਬਿਲਾਵਲ ਥਾਟ ਦੇ ਸਮਾਨ ਹੀ ਹਨ। ਇਸ ਤੋਂ ਬਿਨਾਂ ਅਮੀਰ ਖੁਸਰੋ (1300 ਈਸਵੀ ਲਗਭਗ) ਜਿੰਨ੍ਹਾਂ ਨੇ ਭਾਰਤੀ ਸੰਗੀਤ ਵਿਚ ਕਈ ਨਵੇਂ ਰਾਗ, ਤਾਲ ਤੇ ਸਾਜ਼ਾਂ ਦਾ ਨਿਰਮਾਣ ਕੀਤਾ ਉਹਨਾਂ ਨੂੰ ਫਾਰਸ ਦੇ ਸੰਗੀਤ ਤੇ ਵੀ ਪ੍ਰਸਿੱਧੀ ਹਾਸਲ ਸੀ ਤੇ ਉਹਨਾਂ ਦੇ ਕਾਰਨ ਵੀ ਉੱਤਰੀ ਸੰਗੀਤ ਤੇ ਉਸ ਸੰਗੀਤ ਦਾ ਪ੍ਰਭਾਵ ਹੋਣਾ ਵੀ ਸੁਭਾਵਿਕ ਗੱਲ ਸੀ। ਇਸ ਵਿਚਾਰ ਦੀ ਪੁਸ਼ਟੀ ਸੰਬੰਧੀ ਕੰਵਰ ਮ੍ਰਿਗੇਂਦਰ ਸਿੰਘ ਵਾਦਨ ਸਾਗਰ ਭਾਗ-1 ਪੰਨਾ 12 ਤੇ ਲਿਖਦੇ ਹਨ ਕਿ ਸੰਗੀਤ ਇਤਿਹਾਸਕਾਰਾਂ ਦਾ ਕਹਿਣਾ ਹੈ ਕਿ ਅਮੀਰ ਖੁਸਰੋ ਨੇ ਭਾਰਤੀ ਸੰਗੀਤ ਦਾ ਸ਼ੁੱਧ ਥਾਟ ਜੋ ਉਸ ਵੇਲੇ ਸੀ ਤੇ ਜੋ ਅੱਜ ਦਾ ਕਾਫ਼ੀ ਥਾਟ ਹੈ ਉਸ ਨੂੰ ਤਿਆਗ ਕੇ ਚੀਨ ਤੋਂ ਲੈ ਕੇ ਯੂਰਪ ਤੱਕ ਪ੍ਰਚੱਲਿਤ ਸ਼ੁੱਧ ਥਾਟ ਜੋ ਅੱਜ ਦਾ ਬਿਲਾਵਲ ਥਾਟ ਹੈ ਉਸ ਨੂੰ ਉੱਤਰ ਭਾਰਤੀ ਸੰਗੀਤ ਦੀ ਪ੍ਰੰਪਰਾ ਦਾ ਮੁੱਖ ਥਾਟ ਸਥਾਪਿਤ ਕੀਤਾ। ਇਸੇ ਕਾਲ ਤੋਂ ਹੀ ਉੱਤਰੀ ਤੇ ਦੱਖਣੀ ਭਾਰਤੀ ਸੰਗੀਤ ਕਲਾ ਸ਼ਾਸਤਰ ਤੇ ਪ੍ਰਯੋਗ ਦਾ ਐਸਾ ਫਰਕ ਪਿਆ ਕਿ ਇੱਕੋ ਹੀ ਸੋਮੇ ਵਿਚੋਂ ਉਹ ਦੋ ਧਾਰਾਂ ਬਣ ਗਈਆਂ। ਫਾਰਸੀ ਸੰਗੀਤ ਦੇ ਗ੍ਰੰਥਾਂ ਦਾ ਅਧਿਐਨ ਨਾ ਕੀਤਾ ਗਿਆ ਤੇ ਸੰਸਕ੍ਰਿਤ ਗ੍ਰੰਥਾਂ ਨੂੰ ਘੋਖਦੇ ਰਹੇ ਤੇ ਇਸ ਦੇ ਸਿੱਟੇ ਵਜੋਂ ਅੱਜ ਅਸੀਂ ਅਭਿਨਵ ਰਾਗ ਮੰਜਰੀ ਦੇ ਕਰਤਾ ਪੰਡਿਤ ਭਾਤਖੰਡੇ ਨੂੰ ਹੀ ਪਹਿਲਾ ਲੇਖਕ ਕਹਿੰਦੇ ਹਾਂ। ਜਿਸ ਨੇ ਅੱਜ ਦੇ ਕਾਫ਼ੀ ਥਾਟ ਨੂੰ ਸ਼ੁੱਧ ਥਾਟ ਨਾ ਮੰਨ ਕੇ ਬਿਲਾਵਲ ਥਾਟ ਨੂੰ ਸ਼ੁੱਧ ਥਾਟ ਮੰਨਿਆ ਹੈ। ਅੱਜ ਹਿੰਦੁਸਤਾਨੀ ਸੰਗੀਤ ਪੱਧਤੀ ਵਿਚ ਬਿਲਾਵਲ ਦੇ ਸਵਰਾਂ ਨੂੰ ਹੀ ਸ਼ੁੱਧ ਸਪਤਕ ਮੰਨਿਆ ਜਾਂਦਾ ਹੈ ਜਦੋਂ ਕਿ ਪ੍ਰਾਚੀਨ ਅਤੇ ਮੱਧ ਕਾਲ ਵਿਚ ਸ਼ੁੱਧ ਸਪਤਕ ਕਨਕਾਂਗੀ ਮੇਲ ਜੋ ਆਧੁਨਿਕ ਕਾਫ਼ੀ ਥਾਟ ਹੈ, ਜਿਸ ਵਿਚ ਗੰਧਾਰ ਤੇ ਨਿਸ਼ਾਦ ਕੋਮਲ ਹਨ, ਦੇ ਸਮਾਨ ਸੀ।

ਕੁਝ ਹੋਰ ਵਿਦਵਾਨ ਬਿਲਾਵਲ ਥਾਟ ਦੀ ਹੋਂਦ ਨੂੰ ਇਸ ਤਰ੍ਹਾਂ ਵੀ ਸਪਸ਼ਟ ਕਰਦੇ ਹਨ ਕਿ ਭਰਤ ਦੇ ਸ਼ੜਜ ਗ੍ਰਾਮ (ਅੱਜ ਦਾ ਕਾਫ਼ੀ ਥਾਟ) ਦੀ ਦੂਜੀ ਮੂਰਛਨਾ, ਜੋ ਨਿਸ਼ਾਦ ਨੂੰ ਆਰੰਭਿਕ ਸਵਰ ਮੰਨ ਕੇ ਆਰੋਹ ਕੀਤੀ ਜਾਂਦੀ ਹੈ, ਉਹ ਬਿਲਾਵਲ ਥਾਟ ਦੇ ਹੀ ਸਵਰ ਬਣਦੇ ਹਨ। ਇਸ ਤੋਂ ਬਿਨਾਂ ਭਰਤ ਤੇ ਸਾਰੰਗਦੇਵ ਦਾ ਸ਼ੜਜ ਜੋ ਚੌਥੀ ਸ਼ਰੁਤੀ ਛੰਦੋਵਤੀ ਤੇ ਸਥਾਪਿਤ ਹੈ ਜੇ ਉਸ ਨੂੰ ਪਹਿਲੀ ਸ਼ਰੁਤੀ ਤੀਵਰਾ ਤੇ ਸਥਾਪਿਤ ਕੀਤਾ ਜਾਏ ਤਾਂ ਵੀ ਬਿਲਾਵਲ ਥਾਟ ਹੀ ਬਣ ਜਾਂਦਾ ਹੈ। ਕੁਝ ਵਿਦਵਾਨ ਸੁਆਮੀ ਹਰੀਦਾਸ ਤੇ ਤਾਨਸੇਨ ਸਮੇਂ ਵੀ ਇਹੀ ਗ੍ਰਾਮ ਪ੍ਰਚਲਿਤ ਮੰਨਦੇ ਹਨ। ਉੱਤਰੀ ਸੰਗੀਤ ਦੀਆਂ ਐਸੀਆਂ ਸਮੱਸਿਆਵਾਂ ਨੂੰ ਸੁਲਝਾਉਣ ਲਈ ਅਠਾਰਵੀਂ ਸ਼ਤਾਬਦੀ ਦੇ ਅੰਤ ਵਿਚ ਜੈਪੁਰ ਮਹਾਰਾਜ ਨਰੇਸ਼ ਪ੍ਰਤਾਪ ਸਿੰਘ ਦੇਵ ਨੇ ਇਕ ਸੰਗੀਤ ਵਿਚਾਰ ਗੋਸ਼ਟੀ ਕਰਵਾਈ ਜਿਸ ਦੇ ਫਲਸਰੂਪ ਸੰਗੀਤ ਸਾਰ ਗ੍ਰੰਥ ਦੀ ਰਚਨਾ ਹੋਈ ਤੇ ਉਸ ਵਿਚ ਬਿਲਾਵਲ ਨੂੰ ਹੀ ਸ਼ੁੱਧ ਗ੍ਰਾਮ ਮੰਨਿਆ ਗਿਆ। ਫਿਰ ਪਟਨਾ ਦੇ ਨਵਾਬ ਮੁਹੰਮਦ ਰਜ਼ਾ ਨੇ 1813 ਈਸਵੀ ਵਿਚ ਨਗਮਾਤੇ ਆਸਫ਼ੀ ਗ੍ਰੰਥ ਦੀ ਰਚਨਾ ਕੀਤੀ ਇਸ ਵਿਚ ਬਿਲਾਵਲ ਨੂੰ ਪਹਿਲੀ ਵਾਰ ਸ਼ੁੱਧ ਸਪਤਕ ਦੇ ਰੂਪ ਵਿਚ ਮੰਨਿਆ ਹੈ। ਦੱਖਣੀ ਸੰਗੀਤ ਵਿਚ ਵੀ ਧੀਰਸ਼ੰਕਰਾਭਰਣ ਥਾਟ, ਜੋ ਬਿਲਾਵਲ ਦਾ ਹੀ ਸਰੂਪ ਹੈ, ਬਹੁਤ ਪ੍ਰਚੱਲਿਤ ਹੈ। ਇਸ ਤੋਂ ਬਿਨਾਂ ਪੱਛਮੀ ਸੰਗੀਤ ਦਾ ਵੀ ਸੀ-ਮੇਜਰ ਸਕੇਲ ਬਿਲਾਵਲ ਥਾਟ ਹੀ ਹੈ। ਸੋ ਆਧੁਨਿਕ ਕਾਲ ਦੇ ਮਹਾਨ ਵਿਦਵਾਨ ਥਾਟ-ਰਾਗ ਵਰਗੀਕਰਣ ਦੇ ਨਿਰਮਾਤਾ ਪੰਡਿਤ ਵਿਸ਼ਨੂੰ ਨਾਰਾਇਣ ਭਾਤਖੰਡੇ ਜੀ ਨੇ ਦੱਖਣੀ ਸੰਗੀਤ ਪੱਧਤੀ ਦੇ 72 ਥਾਟਾਂ ਵਿਚੋਂ 10 ਥਾਟਾਂ ਨੂੰ ਚੁਣਿਆ ਤੇ ਬਿਲਾਵਲ ਨੂੰ ਸ਼ੁੱਧ ਸਪਤਕ

ਮੰਨਿਆ। ਪੰਡਿਤ ਭਾਤਖੰਡੇ ਜੀ ਉੱਤਰ ਭਾਰਤੀਯ ਸੰਗੀਤ ਕਾ ਸੰਕਸ਼ਿਪਤ ਇਤਿਹਾਸ ਵਿਚ ਪੰਨਾ 55 ਤੇ ਲਿਖਦੇ ਹਨ ਕਿ ਮਹਾਰਾਜਾ ਨਿਜ਼ਾਮ ਪਾਸ ਨਿਯੁਕਤ ਮਸ਼ਹੂਰ ਸੰਗੀਤ ਵਿਦਵਾਨ ਪੰਡਿਤ ਅੱਪਾ ਤੁਲਸੀ ਨੇ ਆਪਣੇ ਗ੍ਰੰਥ ਸੰਗੀਤ ਕਲਪਦ੍ਰੁਮਾਂਕੁਰੇ ਵਿਚ 11 ਸਲੋਕਾਂ ਵਿਚ ਇਸੇ ਵਰਗੀਕਰਣ ਦਾ ਵਰਨਣ ਕੀਤਾ ਹੈ ਤੇ ਬਿਲਾਵਲ ਨੂੰ ਹੀ ਸ਼ੁੱਧ ਸਪਤਕ ਅਧਾਰ ਮੰਨਿਆ ਹੈ। ਪੰਡਿਤ ਜੀ ਇਸੇ ਪੁਸਤਕ ਦੇ ਪੰਨਾ 58 ਤੇ ਲਿਖਦੇ ਹਨ ਕਿ ਲਖਨਊ ਦੇ ਠਾਕੁਰ ਐਸ. ਨਵਾਬ ਅਲੀ ਖਾਂ ਨੇ ਮਾਰਫੁਲਨਗ਼ਮਾਤ ਗ੍ਰੰਥ ਦੀ ਉਰਦੂ ਭਾਸ਼ਾ ਵਿਚ ਰਚਨਾ ਕੀਤੀ ਤੇ ਇਸੇ ਹੀ ਪੱਧਤੀ ਨੂੰ ਪਰਚਾਰਿਆ। ਉਨੀਵੀਂ ਸਦੀ ਵਿਚ ਹੀ ਕ੍ਰਿਸ਼ਨਾ ਨੰਦ ਵਿਆਸ ਲਿਖਤ ਦੂਜਾ ਮਹੱਤਵਪੂਰਨ ਗ੍ਰੰਥ 'ਰਾਗ ਕਲਪਦ੍ਰਮ' ਦਾ ਕਲਕੱਤੇ ਵਿਚ ਮਈ 1842 ਨੂੰ ਪ੍ਰਕਾਸ਼ਨ ਹੋਇਆ। ਇਸ ਗ੍ਰੰਥ ਵਿਚ ਵੀ ਬਿਲਾਵਲ ਨੂੰ ਹੀ ਸ਼ੁੱਧ ਸਪਤਕ ਮੰਨਿਆ ਗਿਆ ਹੈ।

ਸ੍ਰੀ ਵਿਮਲਕਾਂਤ ਰਾਏ ਚੌਧਰੀ ਨੇ 'ਰਾਗ ਵਿਯਾਕਰਣ' ਵਿਚ ਸ਼ੁਧ ਬਿਲਾਵਲ ਦਾ ਵਰਨਣ ਵੀ ਦਿੱਤਾ ਹੈ, ਜੋ ਵਕਰ ਸੰਪੂਰਨ ਜਾਤੀ ਦਾ ਰਾਗ ਹੇ। ਸਵਰ ਸਾਰੇ ਸ਼ੁਧ, ਵਾਦੀ ਗ ਸੰਵਾਦੀ ਧ ਤੇ ਸਮਾਂ ਦਿਨ ਦੇ 10 ਤੋਂ 11 ਵਜੇ ਤੱਕ ਹੈ। ਆਰੋਹ- ਸ ਰ ਗ ਮ ਪ ਧ ਨ ਸਂ। ਅਵਰੋਹ - ਸਂ ਨ ਧ ਪ ਮ ਗ ਰ ਸ। ਉਨ੍ਹਾਂ ਰਾਗ ਅਲਹੀਆ ਬਿਲਾਵਲ ਤੇ ਹੋਰ ਵੀ ਬਿਲਾਵਲ ਦੇ ਪ੍ਰਕਾਰਾਂ ਦਾ ਵਰਨਨ ਕੀਤਾ ਹੈ। ਰਾਗ ਬਿਲਾਵਲੀ ਜਿਸ ਨੂੰ ਉਨ੍ਹਾਂ ਨਟ ਬਿਲਾਵਲ ਵੀ ਦਸਿਆ ਹੈ, ਇਕ ਵੱਕਰ ਸੰਪੂਰਨ ਜਾਤੀ ਦਾ ਰਾਗ ਹੈ। ਵਾਦੀ ਮ ਸੰਵਾਦੀ ਸ, ਸਮਾਂ ਸਵੇਰੇ 10 ਤੋਂ 11-30 ਵਜੇ ਤੱਕ ਹੈ। ਦੋਵੇਂ ਨਿਸ਼ਾਦ ਹੋਰ ਸਭ ਸਵਰ ਸ਼ੁੱਧ ਹਨ। ਵਾਦੀ ਆਰੋਹ - ਸ ਗ ਰ ਗ ਮ ਪ ਧ ਨ ਸਂ। ਅਵਰੋਹ - ਸਂ ਨ ਧ ਪ ਧ ਨੁ ਧ ਪ ਮ ਗ ਮ ਰ ਸ।

ਰਾਗ ਬਿਲਾਵਲ ਥਾਟ ਦਾ ਆਸ਼੍ਰਿਯ ਰਾਗ ਹੈ ਤੇ ਇਸ ਨੂੰ ਸ਼ੁੱਧ ਬਿਲਾਵਲ ਦਾ ਨਾਮ ਵੀ ਦਿੱਤਾ ਜਾਂਦਾ ਹੈ। ਜਾਤੀ ਸੰਪੂਰਨ ਤੇ ਸਾਰੇ ਹੀ ਸ਼ੁੱਧ ਸਵਰ ਪ੍ਰਯੋਗ ਹੋਣ ਕਾਰਨ ਰਾਗ ਦਾ ਇਕ ਆਪਣਾ ਵੱਖਰਾ ਹੀ ਚਲਣ ਬਣਿਆ ਰਹਿੰਦਾ ਹੈ। ਸ, ਰਗ ਮ ਗ, ਰ ਗ ਮ ਪ ਮ ਗ, ਪ ਧ ਨ ਸਂ ਨ ਧ ਪ, ਧ ਪ ਮ ਗ, ਰ ਗ ਮ ਪ ਧ ਪ ਮ ਗ, ਰ ਸ। ਅੱਜ ਬਿਲਾਵਲ ਦੇ ਸਵਰ ਭਾਰਤੀ ਸੰਗੀਤ ਦੇ ਅਧਾਰ ਸਵਰ ਹਨ ਤੇ ਇਸ ਰਾਗ ਦਾ ਪ੍ਰਚਾਰ ਤੇ ਪ੍ਰਸਾਰ ਦੂਜਿਆਂ ਤੋਂ ਜ਼ਿਆਦਾ ਕੀਤਾ ਜਾਣਾ ਚਾਹੀਦਾ ਸੀ ਪਰ ਪੰਡਿਤ ਭਾਤਖੰਡੇ ਜੀ ਤੇ ਪੰਡਿਤ ਵਿਸ਼ਨੂੰ ਦਿਗੰਬਰ ਪੁਲਸਕਰ ਜੀ ਜੋ ਆਧੁਨਿਕ ਕਾਲ ਵਿਚ ਭਾਰਤੀਯ ਸੰਗੀਤ ਦੇ ਪੁਨਰ ਸੁਰਜੀਤੀਕਰਣ ਦੇ ਨਿਰਮਾਤਾ ਮੰਨੇ ਜਾਂਦੇ ਹਨ, ਇਨ੍ਹਾਂ ਗ੍ਰੰਥਕਾਰਾਂ ਨੇ ਵੀ ਬਿਲਾਵਲ ਨੂੰ ਆਪਣੇ ਗ੍ਰੰਥਾਂ ਵਿਚ ਵਿਸ਼ੇਸ਼ ਸਥਾਨ ਨਹੀਂ ਦਿੱਤਾ ਹੈ। ਪਟਵਰਧਨ ਜੀ ਤੇ ਹੋਰ ਵੀ ਕੁਝ ਗ੍ਰੰਥਕਾਰਾਂ ਨੇ ਬਿਲਾਵਲ ਦੀ ਥਾਂ ਤੇ ਅਲਹੀਆ ਬਿਲਾਵਲ ਦਾ ਹੀ ਪਰੀਚੈ ਤੇ ਬੰਦਸ਼ਾਂ ਦਿੱਤੀਆਂ ਹਨ। ਯੂਨੀਵਰਸਿਟੀਆਂ ਦੇ ਸੰਗੀਤ ਸਲੇਬਸਾਂ ਵਿਚ ਵੀ ਜ਼ਿਆਦਾ ਕਰਕੇ ਅਲਹੀਆ ਬਿਲਾਵਲ ਹੀ ਸ਼ਾਮਲ ਕੀਤਾ ਗਿਆ ਹੈ। ਇਸ ਰੁਚੀ ਨੂੰ ਮੋੜਨ ਦੀ ਲੋੜ ਹੈ। ਬਿਲਾਵਲ ਦੇ ਕਈ ਪ੍ਰਕਾਰ ਪ੍ਰਚਲਿਤ ਹਨ ਜਿਵੇਂ ਅਲਹੀਆ ਬਿਲਾਵਲ, ਸਰਪਰਦਾ ਬਿਲਾਵਲ, ਸ਼ੁਕਲ ਬਿਲਾਵਲ, ਦੇਵਗਿਰੀ ਬਿਲਵਾਲ, ਯਮਨੀ ਬਿਲਾਵਲ, ਖਮਾਇਚੀ ਬਿਲਾਵਲ, ਸੁਖੀਆ ਬਿਲਾਵਲ, ਬਿਹਾਗ ਬਿਲਾਵਲ, ਸੂਹਾ ਬਿਲਾਵਲ, ਏਮਨ ਬਿਲਾਵਲ, ਕਾਮੋਦੀ ਬਿਲਾਵਲ, ਜੈਜਾਵੰਤੀ ਬਿਲਾਵਲ, ਸ਼ੰਕਰਾ ਬਿਲਾਵਲ, ਕਾਜਲੀ ਬਿਲਾਵਲ, ਮਧਰਸੀਆ ਬਿਲਾਵਲ ਆਦਿ।

ਗੁਰਮਤਿ ਸੰਗੀਤ ਦੇ ਖੋਜੀਆਂ ਵਿਚੋਂ ਸ੍ਰੀ ਮਾਨ ਭਾਈ ਸਾਹਿਬ ਡਾਕਟਰ ਵੀਰ ਸਿੰਘ ਜੀ ਦੀ 'ਗੁਰਮਤ ਸੰਗੀਤ ਪਰ ਹੁਣ ਤੀਕ ਮਿਲੀ ਖੋਜ' ਪੰਨਾ 27 ਅਨੁਸਾਰ ਬਿਲਾਵਲ ਗੁਰਮਤਿ ਸੰਗੀਤ ਵਿਚ ਭੈਰਵ ਦਾ ਪੁੱਤਰ ਹੈ। 'ਲਲਤ ਬਿਲਾਵਲ ਗਾਵਹੀ ਅਪੁਣੀ ਅਪੁਣੀ ਭਾਂਤਿ'। ਦੇਵਗਿਰੀ ਤੇ ਸੁਘਰਈ ਮਿਲ ਕੇ ਬਿਲਾਵਲ ਹੁੰਦਾ ਹੈ। ਭਾਰਤ ਮੱਤ ਵਿਚ ਬਿਲਾਵਲ ਪੁੱਤਰ ਵੀ ਦਿੱਤਾ ਹੈ, ਪ੍ਰੰਤੂ ਹੋਰਨਾਂ ਮੱਤਾਂ ਵਿਚ ਬਿਲਾਵਲੀ ਰਾਗਣੀ ਨੂੰ ਕਈ ਬਿਲਾਵਲ ਮੰਨਦੇ ਹਨ ਜੋ ਗਲਤ ਹੈ। ਬਿਲਾਵਲੀ ਭਰਤ ਮੱਤ ਵਿਚ ਭੈਰਵ ਦੀ ਨੂੰਹ ਹੈ। ਹਨੂਮਾਨ ਮੱਤ ਵਿਚ ਹਿੰਡੋਲ ਦੀ ਰਾਗਨੀ ਮੰਨੀ ਹੈ।

ਸ੍ਰੀਮਾਨ ਡਾਕਟਰ ਚਰਨ ਸਿੰਘ ਦੀ 'ਗੁਰਮਤ ਸੰਗੀਤ ਪਰ ਹੁਣ ਤੀਕ ਮਿਲੀ ਖੋਜ' ਪੰਨਾ 28 ਅਨੁਸਾਰ ਰਾਧਾ ਗੋਬਿੰਦ ਸੰਗੀਤ ਸਾਰ' ਵਿਚ ਲਿਖਿਆ ਹੈ ਕਿ ਬਿਲਾਵਲ ਰਾਗ ਭੈਰੋਂ ਦਾ ਪੁੱਤਰ ਹੈ। ਕੇਸਰ ਚੰਦਨ ਦੀਆਂ ਛਿਟਕਾਂ ਵਾਲੇ ਚਿੱਟੇ ਬਸਤ੍ਰ ਪਹਿਨੇ ਸਿਰ ਤੇ ਜੜਾਊ ਮੁਕਟ ਅਤੇ ਕੰਨਾਂ ਵਿਚ ਜੜਾਊ ਕੁੰਡਲ ਪਾਏ ਹੋਏ ਸੱਜੇ ਹੱਥ ਵਿਚ ਕਮਲ ਫੁੱਲ ਅਤੇ ਖੱਬੇ ਹੱਥ ਨਾਲ ਧੀ ਧੀ ਧਿਧਕਟ ਕਰਕੇ ਮ੍ਰਿਦੰਗ ਵਜਾਉਂਦਾ ਹੈ, ਐਸਾ ਬਿਲਾਵਲ ਰਾਗ ਹੈ, ਸੰਪੂਰਨ ਹੈ ਤੇ ਦਿਨ ਦੇ ਪਹਿਲੇ ਪਹਿਰ ਗਾਵੀਂਦਾ ਹੈ। 'ਬੁਧ ਪ੍ਰਕਾਸ਼ ਦਰਪਣ' ਵਿਚ ਭੈਰੋਂ ਦਾ ਪੁੱਤਰ ਲਿਖਿਆ ਹੈ। ਪ੍ਰੰਤੂ 'ਸੁਰ ਤਾਲ ਸਮੂਹ' ਵਿਚ ਹਿੰਡੋਲ ਦੀ ਰਾਗਨੀ ਬਿਲਾਵਲ ਕਰਕੇ ਲਿਖੀ ਹੈ। ਸੁਰ ਗੁਰ ਧੈਵਤ ਹੈ, ਵਾਦੀ ਧੈਵਤ ਸੰਵਾਦੀ ਗੰਧਾਰ ਹੈ। ਪਹਿਰ ਦਿਨ ਚੜ੍ਹੇ ਗਾਵੀਂਦਾ ਹੈ। ਕਲਿਆਣ ਕੇਦਾਰਾ ਮਿਲ ਕੇ ਬਿਲਾਵਲ ਬਣਦਾ ਹੈ। ਰਾਗ ਮਾਲਾ ਵਿਚ ਬਿਲਾਵਲ ਨੂੰ ਭੈਰਉ ਦਾ ਪੁੱਤਰ ਲਿਖਿਆ ਹੈ। ਉਨ੍ਹਾਂ ਨੇ ਬਿਲਾਵਲ ਦੇ 14 ਭੇਦ ਵੀ ਦਿੱਤੇ ਹਨ ਜਿਵੇਂ ਸ਼ੁੱਧ ਬਿਲਾਵਲ, ਅਲਹੀਆ ਬਿਲਾਵਲ, ਸਕੂਲ ਬਿਲਾਵਲ, ਖਮਾਇਚੀ ਬਿਲਾਵਲ ਆਦਿ। ਭਾਈ ਕਾਨ੍ਹ ਸਿੰਘ ਨਾਭਾ ਨੇ 'ਮਹਾਨ ਕੋਸ਼' ਵਿਚ ਰਾਗ ਬਿਲਾਵਲ ਨੂੰ ਇਕ ਸੰਪੂਰਨ ਜਾਤੀ ਦਾ ਰਾਗ ਮੰਨਿਆ ਹੈ, ਜਿਸ ਵਿਚ ਸਾਰੇ ਸਵਰ ਸ਼ੁੱਧ ਹਨ। ਵਾਦੀ ਸ਼ੜਜ ਸੰਵਾਦੀ ਪੰਚਮ ਹੈ ਤੇ ਇਸ ਦੇ ਗਾਉਣ ਦਾ ਵੇਲਾ ਦਿਨ ਦੇ ਦੂਜੇ ਪਹਿਰ ਦਾ ਆਰੰਭ ਹੈ। ਅਨੰਦ ਮੰਗਲ ਦੇ ਵੇਲੇ ਇਸ ਦੇ ਗਾਉਣ ਦੀ ਰੀਤਿ ਹੈ। ਡਾਕਟਰ ਗੋਬਿੰਦ ਸਿੰਘ ਮਾਨਸੁਖਾਨੀ ਦੀ ਪੁਸਤਕ 'ਇੰਡੀਅਨ ਕਲਾਸੀਕਲ' ਮਿਊਜ਼ਿਕ ਐਂਡ ਸਿੱਖ ਕੀਰਤਨ' ਵਿਚ ਰਾਗ ਬਿਲਾਵਲ ਦਾ ਪ੍ਰਚਲਿਤ ਸਰੂਪ, ਸਵਰ ਸਾਰੇ ਸ਼ੁੱਧ, ਜਾਤੀ ਸੰਪੂਰਨ ਤੇ ਸਮਾ ਦਿਨ ਦਾ ਦੂਜਾ ਪਹਿਰ ਦਿੱਤਾ ਹੈ। ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਪ੍ਰਕਾਸ਼ਿਤ 'ਦ ਐਨਸਾਈਕਲੋਪੀਡੀਆ ਆਫ਼ ਸਿਖਇਜ਼ਮ ਵੋ. 2, ਪੰ: 173-174 ਅਨੁਸਾਰ ਇਸ ਦਾ ਪ੍ਰਚੀਨ ਨਾਮ ਵਿਲਾਵਲੀ ਹੈ। ਉੱਤਰੀ ਸੰਗੀਤ ਪੱਧਤੀ ਵਿਚ 19ਵੀਂ ਸ਼ਤਾਬਦੀ ਦੇ ਪਹਿਲੇ ਹਿੱਸੇ ਤੋਂ ਬਿਲਾਵਲ ਨੂੰ ਅਧਾਰ ਸਪਤਕ ਮੰਨਿਆ ਜਾਂਦਾ ਹੈ। ਬਿਲਾਵਲ ਦਾ ਸਵਰ ਸਪਤਕ ਪੱਛਮੀ ਸੰਗੀਤ ਦੇ ਸੀ ਮੇਜਰ ਸਕੇਲ ਨਾਲ ਮਿਲਦਾ ਹੈ। ਰਾਗ ਮਾਲਾ ਵਿਚ ਇਸ ਨੂੰ ਭੈਰਵ ਦੀ ਰਾਗਨੀ ਮੰਨਿਆ ਜਾਂਦਾ ਹੈ। ਪਰ ਅੱਜ ਇਹ ਬਿਲਾਵਲ ਥਾਟ ਦਾ ਮੁੱਖ ਰਾਗ ਹੈ। ਰਾਗ ਮਾਲਾ ਵਿਚ ਰਾਗਣੀ ਮੰਨਿਆ ਗਿਆ ਹੈ ਪਰ ਅੱਜ ਇਹ ਬਿਲਾਵਲ ਥਾਟ ਦਾ ਮੁੱਖ ਰਾਗ ਹੈ। ਰਾਗ ਮਾਲਾ ਵਿਚ ਬਿਲਾਵਲ ਨੂੰ ਭੈਰਵ ਦਾ ਪੁੱਤਰ ਵੀ ਦਸਿਆ ਹੈ ਪਰ ਅੱਜ ਇਨ੍ਹਾਂ ਦੋ ਰਾਗਾਂ ਦੇ ਸੁਰਾਂ ਮੁਤਾਬਕ ਇਨ੍ਹਾਂ ਵਿਚ ਕੋਈ ਸਾਂਝ ਨਹੀਂ। ਬਿਲਾਵਲ ਸਵੇਰ ਦਾ ਰਾਗ ਹੈ ਤੇ ਡੂੰਘੀ ਲਗਨ ਤੇ ਭਾਵਨਾਂ ਨਾਲ ਗਾਇਆ ਜਾਂਦਾ ਹੈ। ਇਸ ਰਾਗ ਨੂੰ ਗਰਮੀ ਦੇ ਮਹੀਨਿਆਂ ਵਿਚ ਅਕਸਰ ਗਾਉਂਦੇ ਹਨ। ਗੁਰੂ ਨਾਨਕ ਦੇਵ ਜੀ, ਗੁਰੂ ਅਮਰਦਾਸ ਜੀ, ਗੁਰੂ ਰਾਮਦਾਸ ਜੀ, ਗੁਰੂ ਅਰਜਨ ਦੇਵ ਜੀ ਤੇ ਗੁਰੂ ਤੇਗ ਬਹਾਦਰ ਜੀ ਦੇ 170 ਤੋਂ ਵੱਧ ਸ਼ਬਦ ਇਸ ਰਾਗ ਵਿਚ ਰਚਿਤ ਹਨ। ਇਸ ਦਾ ਵਾਦੀ ਧੈਵਤ ਸੰਵਾਦੀ ਗੰਧਾਰ ਹੈ। ਆਰੋਹ - ਸ ਰ ਗ, ਮ ਪ, ਧ , ਨ ਸਂ। ਅਵਰੋਹ - ਸਂ ਨ ਧ, ਪ, ਮ ਗ , ਰੇ ਸ। ਪਕੜ - ਗ ਰ, ਗ ਮ ਧ ਪ, ਮ ਗ, ਮ ਰ ਸ।

ਗੁਰਮਤਿ ਸੰਗੀਤ ਦੇ ਗਾਇਕ ਗ੍ਰੰਥਕਾਰਾਂ ਵਿਚੋਂ ਪ੍ਰੋਫੈਸਰ ਤਾਰਾ ਸਿੰਘ ਨੇ 'ਸ੍ਰੀ ਗੁਰੂ ਗ੍ਰੰਥ ਸਾਹਿਬ ਰਾਗ ਰਤਨਾਵਲੀ' ਸੰਤ ਸਰਵਣ ਸਿੰਘ ਗੰਧਰਵ ਨੇ 'ਸੁਰ ਸਿਮਰਣ ਸੰਗੀਤ' ਭਾਗ-6, ਪ੍ਰਿਸੀਪਲ ਦਿਆਲ ਸਿੰਘ ਨੇ 'ਗੁਰਮਤ ਸੰਗੀਤ ਸਾਗਰ' ਭਾਗ-1, ਭਾਈ ਅਵਤਾਰ ਸਿੰਘ ਗੁਰਚਰਨ ਸਿੰਘ ਨੇ 'ਪ੍ਰਾਚੀਨ ਰੀਤ ਰਤਨਾਵਲੀ', ਸਰਦਾਰ ਗਿਆਨ ਸਿੰਘ ਐਬਟਾਬਾਦ ਨੇ 'ਗੁਰਬਾਣੀ ਸੰਗੀਤ', ਡਾਕਟਰ ਗੁਰਨਾਮ ਸਿੰਘ ਨੇ 'ਆਦਿ ਗ੍ਰੰਥ ਰਾਗ ਕੋਸ਼' ਤੇ ਗੁਰੂ ਨਾਨਕ ਸੰਗੀਤ ਪੱਧਤੀ ਗ੍ਰੰਥ ਜਵੱਦੀ ਟਕਸਾਲ ਤੇ ਹੋਰ ਵਿਦਵਾਨਾਂ ਨੇ ਵੀ ਰਾਗ ਦਾ ਪ੍ਰਚਲਿਤ ਸਰੂਪ ਹੀ ਦਿੱਤਾ ਹੈ। ਇਸ ਦਾ ਵਾਦੀ ਧੈਵਤ ਤੇ ਸੰਵਾਦੀ ਗੰਧਾਰ ਹੋਣ ਕਾਰਨ ਉਤਰਾਂਗ ਵਾਦੀ ਰਾਗ ਹੈ। ਮਧਿਅਮ ਦਾ ਪ੍ਰਯੋਗ ਆਰੋਹ ਵਿਚ ਵਰਜਿਤ ਕਰ ਕੇ ਸ਼ਾੜਵ ਸੰਪੂਰਨ ਜਾਤੀ ਮੰਨਣ ਨਾਲ ਅਲਹੀਆ ਬਿਲਾਵਲ ਦਾ ਸਰੂਪ ਬਣ ਜਾਂਦਾ ਹੈ। ਗ ਪ ਮ ਗ ਜਾਂ ਗ ਪ ਧ ਪ ਮ ਗ, ਇਹ ਸਵਰ ਸੰਗਤੀਆਂ ਅਲਹੀਆ ਬਿਲਾਵਲ ਦਾ

ਸਰੂਪ ਜ਼ਿਆਦਾ ਸਪਸ਼ਟ ਕਰਦੀਆਂ ਹਨ ਤੇ ਜਦੋਂ ਅਵਰੋਹ ਵਿਚ ਗੰਧਾਰ ਵਰਜਿਤ ਕਰਕੇ ਬਾਰ ਬਾਰ ਮ ਗ ਮ ਰ ਸ ਸਵਰ ਲਏ ਜਾਣ ਤਾਂ ਵੀ ਅਲਹੀਆ ਬਿਲਾਵਲ ਹੀ ਜ਼ਿਆਦਾ ਨਜ਼ਰ ਆਵੇਗਾ। ਉਤਰਾਂਗ ਵਿਚ ਵੀ ਨਿਸ਼ਾਦ ਕੋਮਲ ਦੇ ਪ੍ਰਯੋਗ ਧ ਨੁ ਧ ਪ ਮ ਗ ਨਾਲ ਅਲਹੀਆ ਬਿਲਾਵਲ ਦਾ ਸਰੂਪ ਹੀ ਬਣਗੇ। ਪਰ ਬਿਲਾਵਲ ਵਿਚ ਪੂਰਵਾਂਗ ਵਿਚ ਗੰਧਾਰ ਦੇ ਬਾਰ ਬਾਰ ਪ੍ਰਯੋਗ ਨਾਲ ਰ ਗ ਮ ਗ, ਰ ਗ ਮ ਪ ਮ ਗ, ਧ ਪ ਮ ਪ ਮ ਗ, ਰ ਗ ਮ ਗ, ਰ ਸ ਇਨ੍ਹਾਂ ਸਵਰ ਸਮੂਹ ਦੇ ਪ੍ਰਯੋਗ ਨਾਲ ਰਾਗ ਬਿਲਾਵਲ ਦਾ ਸਰੂਪ ਜ਼ਿਆਦਾ ਸਪਸ਼ਟ ਹੋ ਜਾਂਦਾ ਹੈ। ਉਤਰਾਂਗ ਵਿਚ ਪ ਧ ਨ ਸਂ, ਧ ਨ ਸਂ ਨ ਧ ਪ, ਧ ਨ ਸਂ ਰਂ ਸਂ ਨ ਧ ਪ ਧ ਪ ਮ ਗ, ਇਹ ਸਵਰ ਸਮੂਹ ਦਾ ਪ੍ਰਯੋਗ ਬਿਲਾਵਲ ਰਾਗ ਦਾ ਸਰੂਪ ਨਿਖਾਰਦੇ ਹਨ। ਸੋ ਪ੍ਰਮਾਣਿਕ ਤੱਥਾਂ ਦੇ ਅਧਾਰ 'ਤੇ ਬਿਲਾਵਲ ਦੇ ਇਸ ਪ੍ਰੰਪਰਾਗਤ ਸਰੂਪ ਨੂੰ ਨਿਸਚਿਤ ਰੂਪ ਵਿਚ ਮੈਂ ਪ੍ਰਵਾਣਿਤ ਮੰਨਦਾ ਹਾਂ ਤੇ ਇਥੇ ਵੀ ਇਹੀ ਸਰੂਪ ਦਿੱਤਾ ਜਾ ਰਿਹਾ ਹੈ।

ਗੁਰਮਤਿ ਸੰਗੀਤ ਵਿਚ ਰਾਗੁ ਬਿਲਾਵਲੁ ਇਕ ਪ੍ਰਚਲਿਤ ਤੇ ਮਹੱਤਵ ਪੂਰਨ ਰਾਗਾਂ ਦੀ ਸ੍ਰੇਣੀ ਵਿਚ ਆਉਂਦਾ ਸੀ। ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਜੋ ਕੀਰਤਨ ਚੌਕੀਆਂ ਦੀ ਮਰਿਯਾਦਾ ਕਾਇਮ ਕੀਤੀ, ਜੋ ਹੁਣ ਤੱਕ ਵੀ ਚਲੀ ਆ ਰਹੀ ਹੈ, ਉਸ ਵਿਚ ਆਸਾ ਦੀ ਵਾਰ ਤੋਂ ਬਾਅਦ ਬਿਲਾਵਲ ਦੀਆਂ ਚਉਂਕੀਆਂ ਨੂੰ ਵੀ ਸਥਾਪਿਤ ਕੀਤਾ ਤੇ ਅੱਜ ਵੀ ਇਹ ਚੌਕੀਆਂ ਤਿੰਨ ਰਾਗੀ ਜਥੇ ਤਕਰੀਬਨ ਸੱਤ ਤੋਂ ਦਸ ਵਜੇ ਤੱਕ ਕੀਰਤਨ ਸੇਵਾ ਕਰਦੇ ਹਨ। ਬਿਲਾਵਲ ਨੂੰ ਇਕ ਮੰਗਲਮਈ ਰਾਗ ਮੰਨਿਆ ਜਾਂਦਾ ਹੈ ਤੇ ਖੁਸ਼ੀਆਂ ਤੇ ਸਮਾਗਮਾਂ ਵਿਚ ਬਿਲਾਵਲ ਰਾਗ ਵਿਚ ਕੀਰਤਨ ਕਰਨ ਦੀ ਵੀ ਪ੍ਰਥਾ ਹੈ।

*ਪੁਸਤਕ 'ਗੁਰਮਤਿ ਸੰਗੀਤ ਦਰਪਣ' ਵਿਚੋਂ ਧੰਨਵਾਦ ਸਹਿਤ*

## ਬੱਚਿਆਂ ਦੇ ਨਾਂ ....... ਜ਼ਰੂਰੀ ਸੂਚਨਾ

ਪਿਆਰੇ ਬੱਚਿਓ,

ਮੈਂ ਇਕ ਅਜਿਹੀ ਕਿਤਾਬ ਸੰਪਾਦਿਤ ਕਰਨ ਦਾ ਯਤਨ ਕਰ ਰਿਹਾ ਹਾਂ, ਜਿਸ ਵਿਚ ਕੇਵਲ ਬੱਚਿਆਂ ਦੁਆਰਾ ਲਿਖੀਆਂ ਰਚਨਾਵਾਂ ਤੇ ਬੱਚਿਆਂ ਦੁਆਰਾ ਬਣਾਏ ਚਿੱਤਰ ਹੀ ਪ੍ਰਕਾਸ਼ਿਤ ਕੀਤੇ ਜਾਣਗੇ। ਬੱਚਿਆਂ ਦੇ ਲਈ, ਬੱਚਿਆਂ ਦੁਆਰਾ ਤਿਆਰ ਕੀਤੀ ਇਹ 'ਕਿਤਾਬ' ਆਪਣੇ ਤਰ੍ਹਾਂ ਦੀ ਪੰਜਾਬੀ ਦੀ ਪਹਿਲੀ ਕਿਤਾਬ ਹੋਵੇਗੀ। ਸੋ, ਸਭ ਬੱਚਿਆਂ (ਅਠਾਰਾਂ ਸਾਲਾਂ ਤੋਂ ਘੱਟ ਉਮਰ ਦੇ) ਨੂੰ ਬੇਨਤੀ ਹੈ ਕਿ ਉਹ ਆਪਣੀਆਂ ਛਪੀਆਂ ਜਾਂ ਅਣਛਪੀਆਂ ਰਚਨਾਵਾਂ (ਕਵਿਤਾਵਾਂ, ਕਹਾਣੀਆਂ, ਲੇਖ, ਯਾਦਾਂ, ਸਫ਼ਰਨਾਮੇ, ਜੀਵਨੀਆਂ, ਨਾਟਕ, ਇਕਾਂਗੀ, ਸ਼ਬਦ ਚਿੱਤਰ, ਮਿੰਨੀ ਕਹਾਣੀਆਂ, ਅਨੁਵਾਦ, ਪੁਸਤਕ ਰੀਵਿਊ, ਖੋਜ ਪੱਤਰ ਜਾਂ ਵਿਅੰਗ ਆਦਿ) ਸੂਚਨਾ ਛਪਣ ਦੇ ਦੋ ਮਹੀਨਿਆਂ ਦੇ ਅੰਦਰ ਹੇਠਲੇ ਪਤੇ ਉਪਰ ਭੇਜਣ ਦੀ ਕ੍ਰਿਪਾਲਤਾ ਕਰਨ। ਚਿੱਤਰਕਾਰ ਬੱਚੇ ਵੀ ਆਪਣਾ ਨਾਂ, ਉਮਰ ਤੇ ਪੂਰਾ ਪਤਾ (ਆਪਣੇ ਬਣਾਏ ਇਕ ਚਿੱਤਰ ਸਮੇਤ) ਲਿਖ ਕੇ ਭੇਜਣ ਤਾਂ ਜੋ ਰਚਨਾਵਾਂ ਦੇ ਵਿਸ਼ੇ ਮੁਤਾਬਕ ਉਨ੍ਹਾਂ ਤੋਂ ਚਿੱਤਰ ਬਣਵਾਏ ਜਾ ਸਕਣ। ਤੁਹਾਡੇ ਆਸ-ਪਾਸ ਹੋਰ ਬੱਚੇ (ਖਾਸ ਕਰਕੇ ਗਰੀਬੀ ਕਾਰਨ ਪੜ੍ਹਾਈ ਨਾਲੋਂ ਟੁੱਟੇ ਹੋਏ ਬੱਚੇ) ਵੀ ਜੇਕਰ ਲਿਖਣ ਜਾਂ ਚਿੱਤਰਕਾਰੀ ਦਾ ਸ਼ੌਕ ਰੱਖਦੇ ਹਨ ਤਾਂ ਤੁਸੀਂ ਉਨ੍ਹਾਂ ਨੂੰ ਵੀ ਆਪਣੀ ਇਸ ਕਿਤਾਬ ਨਾਲ ਜੁੜਨ ਲਈ ਪ੍ਰੇਰਿਤ ਕਰਨਾ, ਤੁਹਾਨੂੰ ਜ਼ਰੂਰ ਖੁਸ਼ੀ ਦਾ ਅਹਿਸਾਸ ਹੋਵੇਗਾ।

ਧੰਨਵਾਦ ਸਹਿਤ,

ਤੁਹਾਡੇ ਜੁਆਬ ਦੀ ਉਡੀਕ ਵਿਚ,

*ਜਸਪ੍ਰੀਤ ਸਿੰਘ ਜਗਰਾਉਂ*

*ਮਾਰਫ਼ਤ 144/8, ਮੁਹੱਲਾ ਅਰੋੜਾ, ਸੈਫਾਬਾਦੀ ਗੇਟ, ਪਟਿਆਲਾ 147001*

# थम गए हाथ, लेकिन सुनाई देती रहेगी थाप

**डा. विवेक चौरसिया**

एकदम बचपन में जब सामान्यत: बच्चे झुनझुने की आवाज सुनते हैं, पं. किशन महाराज के कानों में तबले की थाप सुनाई पड़ती थी। बचपन से लेकर कोई 85 बरस की उम्र तक जब उन्होंने इस दुनिया को अलविदा कहा, तबला उनके साथ रहा। आज जब वे नहीं हैं, बार बार उनके हाथों से तबले पर पड़ती थाप कायनात में रह रहकर गूंजती सुनाई दे रही है और शायद तब तक गूंजती रहेगी जब तक कि तबला और संगीत के प्रेमी इस दुनिया में रहेंगे।

पं. किशन महाराज का जाना एक पूरे युग के अंत जैसा है। हालांकि यह बात बड़े आदमी के जाने पर कही, लिखी जाती है लेकिन पं. किशन महाराज के बारे में, खासकर तबले को लेकर यह जितनी ईमानदार उक्ति है, उतनी शायद दूसरों के संदर्भ में नहीं है। वजह बहुत साफ है। वह यह कि पं. किशन महाराज का जन्म न केवल तबले के वातावरण में हुआ, बल्कि संस्कारों में भी तबले की ताल हरपल, हरदम साथ चली। 1923 की श्रीकृष्ण जन्माष्टमी को बनारस के कबीर चौरा में जन्मे पं. किशन महाराज का जन्म एक संयोग ही था कि वे नृत्य और संगीत के देवता श्रीकृष्ण के जन्मदिन के दिन इस धरती पर आए। पिता हरि महाराज और ताऊ विख्यात तबला वादक पं. कंठे महाराज तो उनकी प्रतिभा से इतने मोहित थे कि उन्होंने किशन महाराज को गोद ही रख लिया। बस फिर क्या था। बीच में तबले की ताल थी और महागुरू के सान्निध्य में भविष्य का महान तबलावादक गढ़ा जा रहा था। बनारस की भूमि, गंगा की तरंगों और सदगुरूओं के सान्निध्य का ही प्रताप था कि देखते ही देखते पं. किशन महाराज ने तबले पर अधिकार कर लिया। इसके बाद उनके तबले ने संगीत के क्षेत्र में कला और प्रतिभा के जो इंद्रधनुष बिखेरे, उसकी रंगत वे ही जानते है जिन्होंने उन्हें बजाते हुए सुना है। अपने पूर्ववर्तियों और समकालीनों से उनका तबला इस मायने में अलग और बेजोड़ रहा कि आमतौर पर वादक स्त्रीप्रधान तबला बजाते थे, पं. किशन महाराज ने बनारस घराने का प्रवर्तन कर अपने व्यक्तित्व के अनुरूप पुरूषप्रधान तबले को स्थापित किया। लयकारी और तिहाई के तो वे मानो जादूगर ही थे। उनका तबला शुरू करने और समापन करना किसी सूर्योदय और सुर्यास्त से कमतर नहीं रहा। यही वजह थी कि उनके बाद जितने भी तबलावादक हुए, ज्यादातर ने उनके ढंग को अपनाया और दुनिया में तबले का नाम स्थापित किया। किशन महाराज का विराट व्यक्तित्व ही था कि उन्होंने दूसरे नंबर के वाद्य माने जाने वाले तबले को मुख्य वाद्य के रूप में इस तरह स्थापित किया कि कलाकारों के एकल तबला वादन संगीत सभाओं में न सिर्फ

स्वीकारे गए बल्कि आगे चलकर प्रायः अनिवार्य जैसे हो गए। अपने 1000 से ज्यादा शिष्यों और देश—विदेश में दिए दर्जनों एकल तबला वादन कार्यक्रमों के मार्फत पं. किशन महाराज ने सिर्फ अपने बूते तबले को मान और धन दोनों दिलाने में वह कामयाबी हासिल की, जो शहनाई के मामले में उसताद बिस्मिल्ला खां ने पाई थी। तबले के प्रति उनके अगाध प्रेम और निष्ठा का इससे बडा प्रमाण आज की दुनिया में क्या होगा कि उन्होंने 65—70 साल तक अपने घर कई शिष्यों को अपने खर्चे पर रखा और उन्हें तबले के गुर सिखाए। इसीलिए गुरूओं की पंक्ति में किशन महाराज को अपने शिष्यों से जीते जी जो मान मिला, वह सामान्यतः अन्य कलाकारों को नहीं मिल पाया। पं. किशन महाराज न सिर्फ तबले के जादूगर थे बल्कि महान कवि, चित्रकार, मूर्तिकार, पहलवान, शिकारी, इक्का चलाने के मास्टर और न जाने कितनी विद्याओं में दखल रखने वाले हुए।

कहते हैं बनारस का साहित्य समाज उन्हें अपनी बिरादरी में मानता था, तो संगीतकार सिर्फ अपना मानते थे। उनकी मशहूर कविता 'सत्य है तो सत्य है, राम नाम सत्य है' सुनकर संत मोरारी बापू ने उठकर उन्हें गले लगा लिया था। तबले में ओज और तेज के प्रवर्तक पं. किशन महाराज का उस्ताद जाकिर हुसैन इतना मान करते रहे कि वे कभी उनके बराबर के आसन पर नहीं बैठे। 6 फीट का कद, गोरा रंग, तबले सी प्रशस्त और तालभरी आंखें उनके व्यक्तित्व को ग्रीक देवताओं की भांति प्रकट करती रही। सच तो यह है कि बगैर स्कूली शिक्षा के तबले के माध्यम से पूरी दुनिया में भारत का नाम गौरवान्वित करने वाले इस ऋषि ने जीवनभर संगीत को सिर्फ दिया ही दिया, लिया शायद कुछ नहीं। यहां तक कि इसी साल 3 मार्च को वे एक कार्यक्रम में तबला बजाने गए थे और वहां बेहोशी के बाद फिर कदाचित उन्होंने तबले का स्पर्श नही किया। यानि देहांत के कोई दो महीने पहले तक तबला उनके साथ था। आज भले किशन महाराज नहीं हैं, लेकिन जब भी तबले की बात चलेगी, उनके नाम के बगैर पूरी न हो सकेगी। कबीर का मशहूर दोहा है:

*हरिरस पीया जाणिए, कबहूं न जाए खुमार,*
*मेंमता घूमत रहत, नाही तन की सार।*

बस कुछ ऐसा ही रहा है पं. किशन महाराज और तबले का साथ, उन्होंने ऐसा रस पिया जिसका खुमार कभी न लौटे।

*(दैनिक भास्कर से धन्यवाद सहित)*

- ਜੇ ਤੁਹਾਨੂੰ 'ਅੰਮ੍ਰਿਤ ਕੀਰਤਨ' ਮਹੀਨੇ ਦੀ 10 ਤਾਰੀਕ ਤਕ ਨਹੀਂ ਮਿਲਦਾ ਤਾਂ ਸਾਨੂੰ ਖਤ ਲਿਖੋ-ਦੁਬਾਰਾ ਭੇਜ ਦਿਆਂਗੇ।
- ਆਪਣੇ ਐਡਰੈਸ ਨਾਲ ਪਿੰਨ ਕੋਡ ਜ਼ਰੂਰ ਲਿਖੋ ਜੀ।

## सात की उम्र, छह बाणीयों में निपुण : अमतश्वर सिंह

गुरमीत लुथरा

जपुजी साहिब, चौपाई साहिब, रहरास साहिब, कीर्तन सोहला, आनन्द साहिब की बाणी सात वर्षीय अमतेश्वर सिंह को पूरी तरह कंठस्थ है। यही नहीं गुरबाणी के शबद भी वह किसी विद्वान रागी की तरह सुना देता है। श्री गुरू हरकृष्ण सीनीयर सकेंडरी पबलिक स्कूल में दूसरी कक्षा का छात्र अमतेश्वर होनहार बिरवान के होत चिकने पात कहावत को पूरी तरह चरितार्थ करता है। मात्र पौने तीन साल की उम्र में प्ले वे स्कूल में कदम रखते ही उसने टीचर को अरदास सुनाकर हैरत में डाल दिया था। प्रिंसीपल धर्मवीर सिंह ने बताया कि अमतेश्वर को चीफ खालसा दीवान महान कथावाचक संत सिंह मस्कीन अवार्ड से सम्मानित कर चुका है। तबला और हारमोनियम में भी उसे पूरी तरह महारत हासिल है। अकाल तख्त के समक्ष कीर्तन करने का मौका बहुत कम रागीयों को हासिल हो पाता है। होला-मोहल्ला पर एसजीपीसी उसे सम्मानित कर चुकी है।

3 सितंबर, 2000 को जन्मे अमतेश्वर में धार्मिक शिक्षा कूट-कूट कर भरी हुई है। कथा के अर्थ समझाते हुए वह पूरी तरह प्रभु भक्ति में लीन हो जाता है। सिख विद्वान की तरह बातचीत करने वाला यह बच्चा डाक्टर या इंजीनियर नहीं, बल्कि परमात्मा का बेटा बनना चाहता है। बकौल अमतेश्वर, मैं तां बाबे नाल ही रहणा है, बाबा दीप सिंह का बेटा बनकर रहना चाहता हूं। बाबासर चौक स्थित संत रविंदर सिंह मिट्ठे टिवाणे वालों से गुरबाणी कीर्तन सीख रहा बालक दिनभर प्रभु धुन मे मस्त रहता है। उसका ज्यादा समय तबला, हारमोनियम व कीर्तन रियाज में बीतता है।

माता डा. नवीता मनचंदा उसे तबला सिखाती है तो पिता हरमोहिंदर सिंह कथावाचन। परिजनों के अनुसार उस पर वाहेगुरू की अपार कृपा है, उसकी कृपा दृष्टि के कारण ही उसकी लगन इस तरफ लगी है। अमतेश्वर का मानना है कि सब कुछ परमात्मा के हाथ में होता है, जो लोग बुरे कर्म करते हैं, उन्हें मुक्ति नहीं मिलती, वे 84 के गेड़ में फंसे रहते हैं।

*(दैनिक भास्कर से धन्यवाद सहित)*


Phone : (O) 011-23312440
Resi. : 011-25721753

**Sawhney Cloth House**

46, Shanker Market, Connaught Circus, New Delhi - 110 001

# Bhai Sumand Singh Ragi

Balwant Gargi

In the Sikh Educational conference held in Buta Singh di Saran at Rawalpindi in 1929 there was a competition of *Gurbani Raga Vidya*. Such competitions at annual religious and education festivals were common those days. In the *Kirtan Darbar* the judges always had sound knowledge of classical music and *Gurbani*.

Samund Singh who had a haunting voice was announced as the best ragi. He had a rare magically rich voice which could scale down to the lowest *kharaj* (base) and go up the *tar saptak* (third octave) with ease and grace. He was appointed as the Hazoori Ragi of Nankana Sahib, a rare honour. He came on the scene with amazing freshness and was immediately acknowledged as the master ragi.

What was his speciality in singing *Gurbani*?

It was at many levels-literal meaning and interpretation of the Shabad in philosophical terms, religious depth, emotion, feeling, and its spiritual import and mass appeal. One must add to these his musical projection of the *ragas*, complex patterns of notes and rhythms in the classical mould and the special traditional *Gurbani*, singing with a new power and search.

While doing *viakhya* (interpretation) he would relate one *tuk* (verse) with the other of a similar *vichar* (idea) and weave the inspired lines of other religions to concentrate attention on the Shabad. He would quote from the Gita and the Shastras, enlargiIlg the meaning of the *Shabad*. He would, as if by a strong torch, focus the light on the *Shabad*, and make the spiritual sayings of the saints and prophets of other religions visible by the overwhelming light of his *Kirtan*. A pastmaster in relating one *tuk* with the other, weaving in quotations, enriching the texture, he would evoke the spiritual *rasa* in the congregations.

In musical terms his genius lay in changing the *ragas* midstream while keeping the same words of the *Shabad* so that the continuity of the *Shabad* was not broken. For

example, he would start a *Shabad* in the *Asa Ragani*, early morning at 4 o'clock, the *Amrit-vela* when the stars in the sky are twinkling. While singing the *Shabad*, immersed in its rhythm and the beauty of its lines, inspired by its spiritual and musical nectar, he would realise that the sky had turned pearl-pale and that it was dawn. He would change the *ragani* into *Bhairav Raga*, melt the *raga* into the previous *ragani* by a subtle and musical blend that was unique to him. The shift would rarely be noticed. It was like the morning sky colours melting into each other. From *Bhairav* he may fade into *Bhairavi* as the time changed, and then into *Asawari*, the beautiful morning melody at, 7 o'clock. Indian *ragas* are strictly prescribed timewise.

The great Samund Singh would sing the *Shabad* in the prescribed raga-time without any change of the *Shabad*. This unique quality, the quality of a great musician, was his gift to the musical traditions of singing *Gurbani*. Earlier master *ragis* had done the same. For example, Bhai Chand Khan and Bhai Chanan Khan, the *Rababis* of the Harimandir Sahib, also practiced the same *raga-ragani* change as a continuity of the *Shabad.* But Bhai Chand Khan did not have the richness of voice, and that rare blend of word and voice which Samund Singh possessed. Samund Singh hypnotised the masses as well as the learned. The innocent women, the devoted, unlettered shopkeepers as well as the highly intelligent and sophisticated classical musicians and learned *Gurbani* scholars were all touched and moved.

By his dazzling voice and knowledge he did *Kirtan* in the pure classical tradition. In his singing he projected the deep inner feeling of the *ragas*, their very essence and power, the joy of soaring high in the musical firmament and coming to the *sam* as if by a surprise. The knowledgeable swayed their heads and murmered in ecstacy confirming the *sam*. The musical rhythm and notes bound the audience to him.

In 1945, in Lahore, 1 was working as an artist at All India Radio. Top musicians, courtesans, writers and drama producers came there. It was the central place for the top artists to perform, because the radio was the only source of mass communication, though it had just started and was almost in its infancy. But it attracted the top talent of

singers and performers. I would see Malika Pukhraj flashing a large diamond-studded nose ring singing in the studio. And Shamshad Bai and Surinder Kaur and Bade Ghulam Ali Khan. I passed through the studio and heard a rich-timbered voice. It had a nasal quality, very familiar. I asked, “Was it Saigal’s new song?” Someone told me, “It’s Bhai Samund Singh.” I was amazed. Who could have such a voice? Such richness and such a magical attraction? Most *ragis* sang *Gurbani*, many of them in my village had hoarse voices and lacked sweetness. But here was a voice which hypnotised me. I walked into the room and found Samund Singh sitting cross-legged in a white turban, white *chooridars*, and a fawn-coloured waistcoat. He had a flowing jet-black beard and bluish grey eyes with a marble glaze. He was singing.

□ □ □ □ □

Samund Singh was born in village Mulla Hamza, District Montgomery (now in Pakistan) on January 1st, 1900.* .

The village was on the bank of a tributary’of Ravi, one of the five rivers of the Panjab. His father, Hazoor Singh, was a forest officer in. the famous jungles of ChhJnga-Maanga. Hazoor Singh was,a known *kirtan-kar* of those times and had learnt singing Gurbani from Mahant Sham Singh, a known ragi of late 19th century. SamundSingh’s grandmother Mata Sada Kaur, a great devotee, used to chant Sukhmani Sahib five times every day. Hazoor Singh did the *kirtan* on the *taoos*, a stringed instrument of the *rabab* family, and his brother Gurdit Singh played on the *tabla*. In this musical cradle, Samund Singh opened his eyes and the first words he listened to as an infant were the *Gurbani Shabad* sung melodiously in his house. Samund Singh once told me, “My father would make me lie in his lap and do the *kirtan* in the house, the daily spiritual riaz and I would sleep in his lap listening to the kirtan. At the age of three my father asked me to sing with him. I would croon in my child-voice and join him while he sang in a rich resounding voice.”

* Paramjot Singh a disciple of Bhai Sahib, in his dedicatory tract (“Bhai Sahib Bhai Samund Singh ji A famous Devotional Singer”) fixes the date of birth as 3rd March 1900, but Harbhajan Singh in a handwritten letter to me dated 15th Nov. 1984, points out that date of birth was 1st January 1900.

*Courtesy "The Great Artists of Punjab"* ***To be Continued***

# ਸੁਰ ਲਿਪੀ

ਹਰਦੀਪ ਕੌਰ

**ਰਾਗੁ ਮਾਲੀ ਗਉੜਾ**

ਮਾਰਵਾ ਥਾਟ ਦਾ ਸ੍ਰੀ ਅਤੇ ਪੂਰੀਆ ਦੇ ਮੇਲ ਤੋਂ ਬਣਿਆ ਇਹ ਇਕ ਕਠਿਨ ਰਾਗ ਹੈ ਜੋ ਗੁਰੂ ਗ੍ਰੰਥ ਸਾਹਿਬ ਜੀ ਵਿਚ 20ਵੇਂ ਰਾਗ ਵੱਜੋਂ ਅੰਕਿਤ ਹੈ। ਇਸ ਰਾਗ ਵਿਚ ਰਿਸ਼ਭ ਕੋਮਲ, ਮਧਿਅਮ ਤੀਵਰ, ਦੋ ਧੈਵਤ ਅਤੇ ਬਾਕੀ ਸ਼ੁਧ ਸੁਰ ਲੱਗਦੇ ਹਨ। ਜਾਤੀ ਸੰਪੂਰਣ ਸੰਪੂਰਣ ਹੈ। ਸ਼ੁਧ ਧੈਵਤ ਪੂਰੀਆ ਦਾ ਅਤੇ ਕੋਮਲ ਧੈਵਤ ਸਿਰੀ ਰਾਗ ਦਾ ਪਰਿਚਾਇਕ ਹੈ। 'ਸ ਪ' ਅਤੇ 'ਰੁ ਪ' ਸੁਰਾਵਲੀਆਂ ਵੀ ਸਿਰੀ ਅੰਗ ਦੀ ਪਹਿਚਾਣ ਕਰਾਂਦੀਆਂ ਹਨ। ਵਾਦੀ ਸੁਰ ਕੋਮਲ ਰਿਸ਼ਭ ਅਤੇ ਸੰਵਾਦੀ ਪੰਚਮ ਹੈ। ਗਾਉਣ ਦਾ ਸਮਾਂ ਦਿਨ ਦਾ ਚੌਥਾ ਪਹਿਰ ਹੈ। ਇਸ ਰਾਗ ਦਾ ਵਿਸਥਾਰ ਮੰਦਰ ਅਤੇ ਮੱਧ ਸੱਪਤਕ ਵਿਚ ਕੀਤਾ ਜਾਂਦਾ ਹੈ ਅਤੇ ਤਾਨਾਂ ਦਾ ਪ੍ਰਯੋਗ ਨਾ ਕਰਨਾ ਹੀ ਯੋਗ ਹੈ।

ਥਾਟ - ਮਾਰਵਾ ('ਰੁ' ਕੋਮਲ, ਦੋਨੋਂ 'ਧ' ਅਤੇ 'ਮ' ਤੀਵਰ)

ਜਾਤੀ - ਸੰਪੂਰਨ-ਸੰਪੂਰਨ

ਸਮਾਂ – ਦਿਨ ਦਾ ਚੌਥਾ ਪਹਿਰ

ਵਾਦੀ - ਰੁ

ਸੰਵਾਦੀ - ਪ

ਆਰੋਹ - ਸ ਨ਼ਰੁਗ, ਮ̍ਧੁ ਪ, ਮ̍ਧ ਸਂ, ਨਰੁਂਸਂ।

ਅਵਰੋਹ - ਸਂ ਨਰੁਂਨਧੁਪ, ਮ̍ਧ, ਮ̍ਗ ਮ̍ਗ ਰੁ ਸ।


ਮੁੱਖ ਅੰਗ – ਸ ਨ਼ਰੁਸ, ਸ ਪ ਮ̍ਧ ਮ̍ਗ ਮ̍ਗ ਰੁ ਗ ਪ, ਮ̍ ਧੁ, ਪ, ਸਂ ਨ ਧ ਮ̍ ਗ, ਰੁ ਸ।

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|
| ਸਥਾਈ | | | | | | | | | | | | | | | |
| | | | | – | ਸ | ਪ | ਪ | ਮ̍ | ਧੁ | ਪ | ਪ | ਮ̍ | ਧ | ਮ̍ | ਗ |
| | | | | - | *ਮਨਿ* | *ਤ* | *ਨਿ* | *ਬ* | *ਸਿ* | *ऽ* | *ਰ* | *ਹੇ* | *ऽ* | *ऽ* | *ਗੋ* |
| | | | | - | S | P | P | M̍ | D̲ | P | P | M̍ | D | M̍ | G |
| | | | | - | ***MAN*** | ***TA*** | ***N*** | ***BA*** | ***S*** | - | ***RA*** | ***HAY*** | - | - | ***GO*** |
| ਰੁ | ਰੁ | ਸ | – | – | ਰੁ | ਪ | ਪ | ਮ̍ | ਧੁ | ਪ | ਪ | ਮ̍ | ਧ | ਮ̍ | ਗ |
| *ਪਾ* | *ऽ* | *ਲ* | *ऽ* | *ऽ* | *ਦੀ* | *ऽ* | *ਨ* | *ਬਾਂ* | *ऽ* | *ਧ* | *ਵ* | *ਭ* | *ऽ* | *ਗ* | *ਤਿ* |
| R̲ | R̲ | S | - | - | R̲ | P | P | M̍ | D̲ | P | P | M̍ | D | M̍ | G |
| ***PAA*** | - | ***L*** | - | - | ***DEE*** | - | ***N*** | ***BAA*** | - | ***DHA*** | ***V*** | ***BHA*** | - | ***GA*** | ***T*** |
| ਰੁ | ਰੁ | ਸ | ਸ | – | ਪ | ਪ | ਪ | ਮ̍ | ਧੁ | ਪ | ਪ | ਮ̍ | ਧ | ਮ̍ | ਗ |
| *ਵ* | *ऽ* | *ਛ* | *ਲ* | *ऽ* | *ਸ* | *ਦਾ* | *ਸ* | *ਦਾ* | *ऽ* | *ਕਿ* | *ਰ* | *ਪਾ* | *ऽ* | *ऽ* | *ऽ* |
| R̲ | R̲ | S | S | - | P | P | P | M̍ | D̲ | P | P | M̍ | D | M̍ | G |
| ***VA*** | - | ***CHHAL*** | | - | ***SA*** | ***DAA*** | ***S*** | ***DAA*** | - | ***KI*** | ***R*** | ***PAA*** | - | - | - |

| | | | | | | | | | | | | | | | |
|---|---|---|---|---|---|---|---|---|---|---|---|---|---|---|---|
| ਰ | ਰ | ਸ | – | – | | | | | | | | | | | |
| ਲ | ऽ | ऽ | ऽ | ऽ | | | | | | | | | | | |
| R | R | S | - | - | | | | | | | | | | | |
| *L* | - | - | - | - | | | | | | | | | | | |

ਅੰਤਰਾ

| | | | | | | | | | | | | | | | |
|---|---|---|---|---|---|---|---|---|---|---|---|---|---|---|---|
| | | | | – | ਪ | ਪ | ਪ | ਮ | ਗ | ਮ | ਧ | ਸਂ | – | ਸਂ | – |
| | | | | – | ਆ | ऽ | ਦਿ | ਅੰ | ऽ | ਤੇ | ऽ | ਮ | ऽ | ਧਿ | ऽ |
| | | | | - | P | P | P | M | G | M | D | Ṡ | - | Ṡ | - |
| | | | | - | *AA* | - | *D* | *AN* | - | *TAY* | - | *MA* | - | *DH* | - |
| ਨ | ਰਂ | ਸਂ | – | – | ਨ | ਰਂ | ਰਂ | ਗਂ | ਰਂ | ਸਂ | – | ਨ | ਰਂਨ | ਧ | ਪ |
| ਤੂ | ऽ | ਹੈ | ऽ | ऽ | ਪ੍ਰ | ਭ | ਬਿ | ਨਾ | ऽ | ਨਾ | ਹੀ | ਕੋ | ऽऽ | ऽ | ऽ |
| N | Ṙ | Ṡ | - | - | N | Ṙ | Ṙ | Ġ | Ṙ | Ṡ | - | N | ṘN | D | P |
| *TOO* | - | *HAI* | - | - | *PARABH* | | *BI* | *NAA* | - | *NAA* | *HEE* | *KO* | — | - | - |
| ਮ | ਧ | ਪ | – | – | | | | | | | | | | | |
| ਇ | ऽ | ऽ | ऽ | ऽ | | | | | | | | | | | |
| M | D | P | - | - | | | | | | | | | | | |
| *AY* | - | - | - | - | | | | | | | | | | | |

## ਸੁਰ-ਲਿਪੀ ਵਾਲੇ ਸ਼ਬਦ ਦੇ ਅਰਥ

*ਮਾਲੀ ਗਉੜਾ ਮਹਲਾ ੫ ॥*

| | | |
|---|---|---|
| ਮਨਿ ਤਨਿ ਬਸਿ ਰਹੇ ਗੋਪਾਲ ॥ ਦੀਨ ਬਾਂਧਵ ਭਗਤਿ ਵਛਲ ਸਦਾ ਸਦਾ ਕ੍ਰਿਪਾਲ ॥੧॥ ਰਹਾਉ ॥ | The Lord of the World abides in my mind and body. Friend of the meek, Lover of His devotees, forever and ever merciful. ‖1‖ Pause‖ | ਹੇ ਸ੍ਰਿਸ਼ਟੀ ਦੇ ਪਾਲਕ! ਗਰੀਬਾਂ ਦੇ ਸਹਾਈ! ਹੇ ਭਗਤੀ ਨਾਲ ਪਿਆਰ ਕਰਨ ਵਾਲੇ! ਹੇ ਸਦਾ ਹੀ ਕਿਰਪਾਲ! ਤੁਸੀਂ ਹੀ ਮੇਰੇ ਮਨ ਵਿਚ ਵੱਸ ਰਹੇ ਹੋ। ੧। ਰਹਾਉ ॥ |
| ਆਦਿ ਅੰਤੇ ਮਧਿ ਤੁਹੈ ਪ੍ਰਭ ਬਿਨਾ ਨਾਹੀ ਕੋਇ ॥ ਪੂਰਿ ਰਹਿਆ ਸਗਲ ਮੰਡਲ ਏਕੁ ਸੁਆਮੀ ਸੋਇ ॥੧॥ | In the beginning, in the end and in the middle, You alone exist, God; there is none other than You. He is totally permeating and pervading all worlds; He is the One and only Lord and Master. ‖1‖ | ਹੇ ਪ੍ਰਭੂ! (ਜਗਤ-ਰਚਨਾ ਦੇ) ਸ਼ੁਰੂ ਵਿਚ ਤੂ ਹੀ ਸੀ, (ਜਗਤ ਦੇ) ਅੰਤ ਵਿਚ ਵੀ ਹੋਵੇਂਗਾ ਹੁਣ ਭੀ ਤੂੰ ਹੀ ਹੈ (ਸਦਾ ਕਾਇਮ ਰਹਿਣ ਵਾਲਾ)। ਹੇ ਭਾਈ! ਪ੍ਰਭੂ ਤੋਂ ਬਿਨਾ ਹੋਰ ਕੋਈ (ਸਦਾ ਕਾਇਮ ਰਹਿਣ ਵਾਲਾ) ਨਹੀਂ। ਹੇ ਭਾਈ! ਇਕ ਮਾਲਕ ਪ੍ਰਭੂ ਹੀ ਸਾਰੇ ਭਵਨਾਂ ਵਿਚ ਵਿਆਪਕ ਹੈ। ੧। |
| ਕਰਨਿ ਹਰਿ ਜਸੁ ਨੇਤ੍ਰ ਦਰਸਨੁ ਰਸਨਿ ਹਰਿ ਗੁਨ ਗਾਉ ॥ ਬਲਿਹਾਰਿ ਜਾਏ ਸਦਾ ਨਾਨਕੁ ਦੇਹੁ ਅਪਣਾ ਨਾਉ ॥ ੨॥੩॥੮॥੬॥੧੪॥ (ਪੰਨਾ 988) | With my ears I hear God's Praises, and with my eyes I behold the Blessed Vision of His Darshan; with my tongue I sing the Lord's Glorious Praises. Nanak is forever a sacrifice to You; please, bless me with Your Name. ‖2‖3‖8‖6‖14‖ | (ਹੇ ਭਾਈ!) ਮੈਂ ਕੰਨ ਨਾਲ ਹਰੀ ਦੀ ਸਿਫਤਿ ਸਾਲਾਹ (ਸੁਣਦਾ ਹਾਂ), ਅੱਖਾਂ ਨਾਲ ਹਰੀ ਦਾ ਦਰਸ਼ਨ (ਕਰਦਾ ਹਾਂ) ਜੀਭ ਨਾਲ ਹਰੀ ਦੇ ਗੁਣ ਗਾਂਦਾ ਹਾਂ। (ਹੇ ਭਾਈ! ਪ੍ਰਭੂ ਦਾ ਦਾਸ) ਨਾਨਕ ਸਦਾ ਉਸ ਤੋਂ ਕੁਰਬਾਨ ਜਾਂਦਾ ਹੈ (ਤੇ ਉਸ ਦੇ ਦਰ ਤੇ ਅਰਦਾਸ ਕਰਦਾ ਹੈ- ਹੇ ਪ੍ਰਭੂ!) ਮੈਨੂੰ ਆਪਣਾ ਨਾਮ ਬਖਸ਼।੨।੩।੮।੬।੧੪। |

**THE SIKH REVIEW**

**116, Karnani Mansion**
**25-A, Park Street, Kolkata**

**(A Monthly Magazine)**

A good plan of today is better
then a great plan of tomorrow.

▲▲▲▲▲▲▲

Look backward with satisfaction
and look forward with confidence.

▲▲▲▲▲▲▲

Any relation is like a bird....
If you catch tightly it dies.
If you catch it loosely it flies.
But if you catch affectionately it remains with you forever.

▲▲▲▲▲▲▲

Never conclude a person on his present because,
time has the power to change a invaluable coal
into a valuable diamond.

▲▲▲▲▲▲▲

Never blame a day in your life.
Good days give you happiness.
Ba d days give you experience.
Worst days give you a lesson.
All are essential in life.

---

With best compliments from a wellwisher